Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 50 26/06/2025 www.samajweekly.com samajweekly @samajweekly samajweekly

# ਵਿਜੀਲੈਂਸ ਦੀ ਹਿਰਾਸਤ ’ਚ ਬਿਕਰਮ ਮਜੀਠੀਆ

**ਚੰਡੀਗੜ੍ਹ :** ਵਿਜੀਲੈਂਸ ਬਿਊਰੋ ਤੇ ਪੁਲਸ ਦੀਆਂ ਟੀਮਾਂ ਨੇ ਨਸ਼ਿਆਂ ਅਤੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੇ ਟਿਕਾਣਿਆਂ ’ਤੇ ਤਾਬੜਤੋੜ ਛਾਪੇ ਮਾਰੇ।

ਵਿਜੀਲੈਂਸ ਬਿਊਰੋ ਦੀ ਟੀਮ ਨੇ ਮਜੀਠੀਆ ਨੂੰ ਅੰਮ੍ਰਿਤਸਰ ’ਚ ਹਿਰਾਸਤ ਵਿੱਚ ਲੈਣ ਪਿੱਛੋਂ ਮੁਹਾਲੀ ਦੇ ਸੈਕਟਰ 68 ਸਥਿਤ ਵਿਜੀਲੈਂਸ ਬਿਊਰੋ ਦੇ ਮੁੱਖ ਦਫਤਰ ‘ਵਿਜੀਲੈਂਸ ਭਵਨ’ ਵਿਖੇ ਲਿਜਾ ਕੇ ਪੁੱਛਗਿੱਛ ਕੀਤੀ। ਬਾਹਰ ਵੱਡੀ ਗਿਣਤੀ ’ਚ ਅਕਾਲੀ ਆਗੂ ਤੇ ਵਰਕਰ ਪੰਜਾਬ ਸਰਕਾਰ ਦੇ ਖਿਲਾਫ ਤੇ ਮਜੀਠੀਆ ਦੇ ਹੱਕ ਵਿਚ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਰਹੇ।

ਮਜੀਠੀਆ ਦੀ ਅੰਮ੍ਰਿਤਸਰ ਵਿੱਚ ਗਰੀਨ ਐਵੇਨਿਊ ਸਥਿਤ ਰਿਹਾਇਸ਼ ’ਚ ਮਾਰੇ ਛਾਪੇ ਦੌਰਾਨ 29 ਮੋਬਾਈਲ ਫੋਨ, 4 ਲੈਪਟਾਪ, 2 ਆਈਪੈਡ, 8 ਡਾਇਰੀਆਂ ਅਤੇ ਕਈ ਦਸਤਾਵੇਜ਼ ਜ਼ਬਤ ਕੀਤੇ ਗਏ ਤੇ ਉਨ੍ਹਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਛਾਪੇ ਦੀ ਅਗਵਾਈ ਏ ਆਈ ਜੀ ਸਵਰਨਦੀਪ ਸਿੰਘ ਨੇ ਕੀਤੀ, ਜਿਨ੍ਹਾ ਨੂੰ ਹਾਲ ਹੀ ਵਿੱਚ ਮੁਅੱਤਲੀ ਤੋਂ ਬਾਅਦ ਬਹਾਲ ਕੀਤਾ ਗਿਆ ਸੀ। ਉਹ ਇਸ ਸਮੇਂ ਵਿਜੀਲੈਂਸ ਮੁਹਾਲੀ ਦੀ ਫਲਾਇੰਗ ਸਕੁਐਡ ਟੀਮ ਵਿੱਚ ਕੰਮ ਕਰ ਰਹੇ ਹਨ।

ਮਜੀਠੀਆ ਵਿਰੁੱਧ ਸਾਲ 2021 ਵਿੱਚ ਦਰਜ ਕੀਤੇ ਗਏ ਐੱਨ ਡੀ ਪੀ ਐੱਸ ਐਕਟ ਤਹਿਤ ਨਸ਼ੀਲੇ ਪਦਾਰਥਾਂ ਨਾਲ ਸੰਬੰਧਤ ਇੱਕ ਮਾਮਲੇ ਵਿੱਚ ਪਹਿਲਾਂ ਹੀ ਜਾਂਚ ਚੱਲ ਰਹੀ ਹੈ। ਇਸ ਤੋਂ ਇਲਾਵਾ, ਹਾਲ ਹੀ ਵਿੱਚ ਮਜੀਠੀਆ ਤੇ ਉਨ੍ਹਾ ਨਾਲ ਜੁੜੇ ਲੋਕਾਂ ਦੇ ਸ਼ੱਕੀ ਵਿੱਤੀ ਲੈਣ-ਦੇਣ ਦੀ ਵੀ ਜਾਂਚ ਸ਼ੁਰੂ ਕੀਤੀ ਗਈ ਸੀ। ਬੁੱਧਵਾਰ ਵਿਜੀਲੈਂਸ ਬਿਊਰੋ ਅਤੇ ਪੰਜਾਬ ਪੁਲਸ ਨੇ ਸੂਬੇ ਭਰ ਵਿੱਚ 25 ਥਾਵਾਂ ’ਤੇ ਛਾਪੇਮਾਰੀ ਕੀਤੀ, ਜਿਸ ਵਿੱਚ ਅੰਮ੍ਰਿਤਸਰ ਵਿੱਚ 9 ਥਾਵਾਂ ਸ਼ਾਮਲ ਹਨ।

ਗਰੀਨ ਐਵੇਨਿਊ ਵਿਚਲੀ ਰਿਹਾਇਸ਼ ਦੇ ਬਾਹਰ ਅਕਾਲੀ ਵਰਕਰਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਮਜੀਠੀਆ ਨੇ ਸੋਸ਼ਲ ਮੀਡੀਆ ’ਤੇ ਇਕ ਵੀਡੀਓ ਵਿਚ ਸਾਫ ਕੀਤਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਤੇ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਸਿਆਸੀ ਬਦਲਾਖੋਰੀ ਵਾਲੀ ਕਾਰਵਾਈ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾ ਕਿਹਾ ਕਿ ਉਨ੍ਹਾ ਦੇ ਘਰ ਵਿੱਚ ਵਿਜੀਲੈਂਸ ਨੇ ਛਾਪੇਮਾਰੀ ਕੀਤੀ ਹੈ। ਉਹ ਖੁਦ ਘਰ ਵਿੱਚ ਹਨ ਅਤੇ ਉਨ੍ਹਾ ਨੂੰ ਬਿਨਾਂ ਕੋਈ ਜਾਣਕਾਰੀ ਦਿੱਤੇ ਇਸ ਟੀਮ ਨੇ ਘਰ ਵਿੱਚ ਛਾਪੇਮਾਰੀ ਕੀਤੀ ਹੈ, ਜਿਸ ਦੀ ਅਗਵਾਈ ਵਿਜੀਲੈਂਸ ਵਿਭਾਗ ਦੇ ਐੱਸ ਐੱਸ ਪੀ ਕਰ ਰਹੇ ਹਨ। ਉਨ੍ਹਾ ਕਿਹਾ ਕਿ ਨਸ਼ਿਆਂ ਦੇ ਸੰਬੰਧ ਵਿੱਚ ਦਰਜ ਕੇਸ ਵਿੱਚ ਜਦੋਂ ਉਨ੍ਹਾ ਖਿਲਾਫ ਕੁਝ ਨਹੀਂ ਮਿਲਿਆ ਤਾਂ ਸਰਕਾਰ ਉਨ੍ਹਾ ਖਿਲਾਫ ਇੱਕ ਹੋਰ ਨਵਾਂ ਮਾਮਲਾ ਦਰਜ ਕਰਨ ਦਾ ਯਤਨ ਕਰ ਰਹੀ ਹੈ। ਭਗਵੰਤ ਮਾਨ ਸਰਕਾਰ ਉਨ੍ਹਾ ਨੂੰ ਡਰਾਉਣ ਅਤੇ ਧਮਕਾਉਣ ਦਾ ਯਤਨ ਕਰ ਰਹੀ ਹੈ, ਪਰ ਉਹ ਡਰਨ ਵਾਲੇ ਨਹੀਂ ਹਨ। ਉਨ੍ਹਾ ਕਿਹਾ, ‘‘ਮੈਂ ਹਮੇਸ਼ਾ ਪੰਜਾਬ ਦੇ ਮੁੱਦਿਆਂ ’ਤੇ ਗੱਲ ਕੀਤੀ ਹੈ ਅਤੇ ਭਵਿੱਖ ਵਿੱਚ ਵੀ ਗੱਲ ਕਰਦਾ ਰਹਾਂਗਾ। ਮੈਨੂੰ ਅਕਾਲ ਪੁਰਖ ’ਤੇ ਪੂਰਾ ਭਰੋਸਾ ਹੈ ਅਤੇ ਅੰਤ ਵਿੱਚ ਸੱਚਾਈ ਦੀ ਜਿੱਤ ਹੋਵੇਗੀ।’’ ਉਨ੍ਹਾ ਐਕਸ ’ਤੇ ਇੱਕ ਵੀਡੀਓ ਵੀ ਅਪਲੋਡ ਕੀਤੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਦੇ ਕੱਪੜਿਆਂ ਵਿੱਚ ਪੁਲਸ ਕਰਮਚਾਰੀ ਦਿਖਾਈ ਦੇ ਰਹੇ ਹਨ, ਜਿਨ੍ਹਾਂ ਤੋਂ ਉਹ ਉਨ੍ਹਾਂ ਦੀ ਸ਼ਨਾਖਤ ਬਾਰੇ ਪੁੱਛ ਰਹੇ ਹਨ। ਮਜੀਠੀਆ ਆਪਣੇ ਸਹਿਯੋਗੀਆਂ ਨੂੰ ਇਸ ਸਾਰੀ ਕਾਰਵਾਈ ਦੀ ਵੀਡੀਓ ਬਣਾਉਣ ਬਾਰੇ ਵੀ ਕਹਿ ਰਹੇ ਹਨ।



ਹਲਕਾ ਮਜੀਠਾ ਤੋਂ ਵਿਧਾਇਕ ਬੀਬੀ ਗਨੀਵ ਕੌਰ, ਜੋ ਮਜੀਠੀਆ ਦੀ ਪਤਨੀ ਹਨ, ਸੋਸ਼ਲ ਮੀਡੀਆ ’ਤੇ ਅਪਲੋਡ ਕੀਤੀ ਇੱਕ ਵੀਡੀਓ ਵਿੱਚ ਵਿਜੀਲੈਂਸ ਦੀ ਟੀਮ ਨਾਲ ਬਹਿਸ ਕਰਦੇ ਹੋਏ ਦਿਖਾਈ ਦੇ ਰਹੇ ਹਨ। ਗਨੀਵ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਘਰ ਵਿੱਚ ਬਿਨਾਂ ਆਗਿਆ ਲਏ 25 ਤੋਂ 30 ਵਿਜੀਲੈਂਸ ਕਰਮਚਾਰੀ ਦਾਖਲ ਹੋਏ ਹਨ, ਜੋ ਕਿ ਸਰਾਸਰ ਨਿਯਮਾਂ ਦੀ ਉਲੰਘਣਾ ਹੈ। ਜੇਕਰ ਕੋਈ ਮਸਲਾ ਹੈ ਤਾਂ ਉਨ੍ਹਾਂ ਨੂੰ ਦੱਸਿਆ ਜਾਵੇ। ਬਿਨਾਂ ਪ੍ਰਵਾਨਗੀ ਲਏ ਜਬਰੀ ਘਰ ਵਿੱਚ ਦਾਖਲ ਹੋਣਾ ਕਿੰਨਾ ਕੁ ਜਾਇਜ਼ ਹੈ।

ਵਿਜੀਲੈਂਸ ਅਧਿਕਾਰੀਆਂ ਨੇ ਮਜੀਠੀਆ ਦੀਆਂ ਚੰਡੀਗੜ੍ਹ ਵਿਚਲੀਆਂ ਰਿਹਾਇਸ਼ਾਂ ’ਤੇ ਵੀ ਦਸਤਕ ਦਿੱਤੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਲੀਗਲ ਸੈੱਲ ਦੇ ਪ੍ਰਧਾਨ ਐਡਵੋਕੇਟ ਅਰਸ਼ਦੀਪ ਕਲੇਰ ਨੇ ਮੌਕੇ ’ਤੇ ਪਹੁੰਚ ਕੇ ਵਿਜੀਲੈਂਸ ਬਿਊਰੋ ਦੀ ਟੀਮ ਨੂੰ ਸਰਚ ਵਾਰੰਟ ਦਿਖਾਉਣ ਦੀ ਗੱਲ ਆਖੀ। ਹਾਲਾਂਕਿ ਵਿਜੀਲੈਂਸ ਬਿਊਰੋ ਨੇ ਕੋਈ ਗੱਲ ਕੀਤੇ ਬਿਨਾਂ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ।

ਮਜੀਠੀਆ ਦੀ ਮਜੀਠਾ ਸਥਿਤ ਰਿਹਾਇਸ਼ ਅਤੇ ਦਫਤਰ ’ਤੇ ਵੀ ਵਿਜੀਲੈਂਸ ਬਿਊਰੋ ਅਤੇ ਮਜੀਠਾ ਪੁਲਸ ਦੀ ਟੀਮ ਵੱਲੋਂ ਛਾਪੇਮਾਰੀ ਕੀਤੀ ਗਈ। ਇਸ ਮੌਕੇ ਬਲਰਾਜ ਸਿੰਘ ਖਹਿਰਾ ਪੀ ਪੀ ਐੱਸ, ਪਵਨ ਕੁਮਾਰ ਪੀ ਪੀ ਐੱਸ, ਐੱਸ ਐੱਚ ਓ ਕਰਮਬੀਰ ਸਿੰਘ ਤੇ ਹੋਰ ਬਹੁਤ ਸਾਰੇ ਪੁਲਸ ਅਧਿਕਾਰੀ ਤੇ ਮੁਲਾਜ਼ਮ ਮੌਜੂਦ ਸਨ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਬਿਕਰਮ ਸਿੰਘ ਮਜੀਠੀਆ ਦੇ ਨਾਲ ਡਟ ਕੇ ਖੜ੍ਹਾ ਹੈ। ਸਰਕਾਰ ਬੁਖਲਾਹਟ ਵਿੱਚ ਆ ਕੇ ਅਜਿਹੀ ਕਾਰਵਾਈ ਕਰ ਰਹੀ ਹੈ। ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਹ ਕਾਰਵਾਈ ਮਜੀਠੀਆ ਪਰਵਾਰ ਨੂੰ ਡਰਾਉਣ-ਧਮਕਾਉਣ ਦਾ ਯਤਨ ਹੈ, ਜਦੋਂ ਕਿ ਉਹ ਡਰਨ ਵਾਲੇ ਨਹੀਂ ਹਨ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ, ‘‘ਮੈਂ ਬਿਕਰਮ ਮਜੀਠੀਆ ਦੀ ਰਿਹਾਇਸ਼ ਤੇ ਹੋਰਨਾਂ ਟਿਕਾਣਿਆਂ ’ਤੇ ਸਿਆਸੀ ਬਦਲਾਖੋਰੀ ਦੇ ਇਰਾਦੇ ਨਾਲ ਮਾਰੇ ਛਾਪਿਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹਾਂ। ਪੰਜਾਬ ਹੁਣ ਪੁਲਸ ਰਾਜ ਵਿਚ ਬਦਲ ਗਿਆ ਹੈ।’’

ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ, ‘‘ਭਗਵੰਤ ਮਾਨ ਵੱਲੋਂ ਵਿਜੀਲੈਂਸ ਦੀ ਦੁਰਵਰਤੋਂ ਬਹੁਤ ਹਲਕੀ ਰਾਜਨੀਤੀ ਦਾ ਸਬੂਤ ਦਿੰਦੀ ਹੈ। ਜੋ ਕਾਂਗਰਸ ਨੇ ਐਮਰਜੈਂਸੀ ਲਗਾ ਕੇ ਕੀਤਾ ਸੀ, ਉਹੀ ਹਾਲ ਭਗਵੰਤ ਮਾਨ ਨੇ ਪੰਜਾਬ ਵਿੱਚ ਕੀਤਾ ਹੈ। ਜਿਹੜਾ ਆਗੂ ਮਾਨ ਦੇ ਜਾਂ ਸਰਕਾਰ ਦੀ ਨਾਕਾਮੀ ’ਤੇ ਸਵਾਲ ਚੁੱਕਦਾ ਹੈ, ਉਸ ਨੂੰ ਡਰਾ-ਧਮਕਾ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭਗਵੰਤ ਮਾਨ ਪੰਜਾਬ ਦੇ ਲੋਕਾਂ ਲਈ ਜਿਹੜੇ ਕੰਡੇ ਤੁਸੀਂ ਬੀਜ ਰਹੇ ਹੋ ਸੋ ਬੀਜ ਰਹੇ ਹੋ, ਪਰ ਜਿਹੜੇ ਕੰਡੇ ਆਪਣੀ ਨਿੱਜੀ ਜ਼ਿੰਦਗੀ ’ਚ ਬੀਜ ਰਹੇ ਹੋ, ਇਹ 2027 ਤੋਂ ਬਾਅਦ ਚੁਗਣੇ ਮੁਸ਼ਕਲ ਹੋ ਜਾਣਗੇ।’’

# ਹਿਮਾਚਲ ਪ੍ਰਦੇਸ਼ ’ਚ ਬੱਦਲ ਫਟਣ, ਹੜ੍ਹ ਅਤੇ ਭਾਰੀ ਮੀਂਹ ਕਾਰਨ ਮਚੀ ਤਬਾਹੀ, 2 ਲੋਕਾਂ ਦੀ ਮੌਤ, 20 ਲੋਕਾਂ ਦੇ ਡੁੱਬਣ ਦਾ ਖਦਸ਼ਾ

**ਸ਼ਿਮਲਾ/ਧਰਮਸ਼ਾਲਾ :** ਹਿਮਾ-ਚਲ ਪ੍ਰਦੇਸ਼ ’ਚ ਬੁਧਵਾਰ ਨੂੰ ਬੱਦਲ ਫਟਣ, ਹੜ੍ਹ ਅਤੇ ਭਾਰੀ ਮੀਂਹ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 20 ਦੇ ਕਰੀਬ ਲੋਕਾਂ ਦੇ ਵਹਿ ਜਾਣ ਦਾ ਖਦਸ਼ਾ ਹੈ। ਕਾਂਗੜਾ ਜ਼ਿਲ੍ਹੇ ਦੀ ਮਨੂਨੀ ਖੱਡ ਤੋਂ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦਕਿ ਇੰਦਰਾ ਪ੍ਰਿਯਦਰਸ਼ਿਨੀ ਹਾਈਡ੍ਰੋਇਲੈਕਟ੍ਰਿਕ ਪ੍ਰਾਜੈਕਟ ਸਾਈਟ ਦੇ ਨੇੜੇ ਲੇਬਰ ਕਲੋਨੀ ਵਿਚ ਤਾਇਨਾਤ ਲਗਭਗ 15-20 ਮਜ਼ਦੂਰਾਂ ਦੇ ਖਨੀਆਰਾ ਮਨੂਨੀ ਖੱਡ ਵਿਚ ਪਾਣੀ ਦਾ ਪੱਧਰ ਵਧਣ ਕਾਰਨ ਵਹਿ ਜਾਣ ਦਾ ਖਦਸ਼ਾ ਹੈ। ਅਧਿਕਾਰੀਆਂ ਅਨੁਸਾਰ ਮੀਂਹ ਕਾਰਨ ਪ੍ਰਾਜੈਕਟ ਦਾ ਕੰਮ ਮੁਲਤਵੀ ਕਰ ਦਿਤਾ ਗਿਆ ਸੀ ਅਤੇ ਮਜ਼ਦੂਰ ਕੰਮ ਵਾਲੀ ਥਾਂ ਨੇੜੇ ਅਸਥਾਈ ਪਨਾਹਗਾਹਾਂ ਵਿਚ ਆਰਾਮ ਕਰ ਰਹੇ ਸਨ ਜਦੋਂ ਮਨੂਨੀ ਖੱਡ ਅਤੇ ਆਸ-ਪਾਸ ਦੀਆਂ ਨਾਲੀਆਂ ਤੋਂ ਹੜ੍ਹ ਦਾ ਪਾਣੀ ਲੇਬਰ ਕਲੋਨੀ ਵਲ ਮੋੜ ਦਿਤਾ ਗਿਆ, ਜਿਸ ਨਾਲ ਮਜ਼ਦੂਰਾਂ ਨੂੰ ਬਾਹਰ ਕੱਢ ਦਿਤਾ ਗਿਆ। ਸੂਬਾ ਆਫ਼ਤ ਪ੍ਰਤੀਕਿਰਿਆ ਬਲ (ਐਸ.ਡੀ.ਆਰ.ਐਫ.), ਸਥਾਨਕ ਪ੍ਰਸ਼ਾਸਨ, ਗ੍ਰਾਮ ਪੰਚਾਇਤ ਅਤੇ ਮਾਲ ਵਿਭਾਗ ਦੀਆਂ ਟੀਮਾਂ ਤਲਾਸ਼ ਅਤੇ ਬਚਾਅ ਕਾਰਜਾਂ ਨੂੰ ਅੰਜਾਮ ਦੇਣ ਲਈ ਮੌਕੇ ਉਤੇ ਪਹੁੰਚ ਗਈਆਂ ਹਨ। ਅਧਿਕਾਰੀਆਂ ਨੇ ਦਸਿਆ ਕਿ ਪ੍ਰਾਜੈਕਟ ਨਾਲ ਜੁੜੇ ਕੁੱਝ ਸਥਾਨਕ ਕਰਮਚਾਰੀਆਂ ਨੂੰ ਸੁਰੱਖਿਅਤ ਦਸਿਆ ਗਿਆ ਹੈ। ਧਰਮਸ਼ਾਲਾ ਦੇ ਭਾਜਪਾ ਵਿਧਾਇਕ ਸੁਧੀਰ ਸ਼ਰਮਾ ਨੇ ਸੋਸ਼ਲ ਮੀਡੀਆ ਉਤੇ ਇਕ ਪੋਸਟ ’ਚ ਕਿਹਾ ਕਿ ਇਸ ਘਟਨਾ ’ਚ ਕਰੀਬ 20 ਵਰਕਰ ਵਹਿ ਗਏ। ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ। ਚੁਨੌਤੀਪੂਰਨ ਮੌਸਮ ਦੀਆਂ ਸਥਿਤੀਆਂ ਦੇ ਵਿਚਕਾਰ ਬਚਾਅ ਕਾਰਜ ਜਾਰੀ ਹਨ। ਧਿਕਾਰੀਆਂ ਨੇ ਦਸਿਆ ਕਿ ਕੂਲੂ ਜ਼ਿਲ੍ਹੇ ਦੇ ਕਈ ਹਿੱਸਿਆਂ ’ਚ ਬੱਦਲ ਫਟਣ ਕਾਰਨ ਹੜ੍ਹ ਆਉਣ ਕਾਰਨ ਕਈ ਘਰ, ਇਕ ਸਕੂਲ ਦੀ ਇਮਾਰਤ, ਦੁਕਾਨਾਂ, ਸੰਪਰਕ ਸੜਕਾਂ ਅਤੇ ਛੋਟੇ ਪੂਲਾਂ ਨੂੰ ਨੁਕ-ਸਾਨ ਪਹੁੰਚਿਆ ਹੈ। ਸੈਂਜ ਦੇ ਜੀਵਾ ਨਾਲਾ ਅਤੇ ਰੇਹਲਾ ਬਿਹਾਲ ਅਤੇ ਕੁਲੂ ਜ਼ਿਲ੍ਹੇ ਦੇ ਗਡਸਾ ਖੇਤਰ ਦੇ ਸ਼ਿਲਾਗੜ੍ਹ ਤੋਂ ਬੱਦਲ ਫਟਣ ਦੀਆਂ ਤਿੰਨ ਘਟਨਾਵਾਂ ਸਾਹਮਣੇ ਆਈਆਂ ਹਨ।



# ਈਰਾਨ ਤੋਂ ਭਾਰਤੀਆਂ ਨੂੰ ਕੱਢਣਾ ਬੰਦ, ਜੰਗਬੰਦੀ ਤੋਂ ਬਾਅਦ ਫ਼ੈਸਲਾ

**ਨਵੀਂ ਦਿਲੀ।** ਈਰਾਨ ਵਿੱਚ ਭਾਰਤੀ ਦੂਤਾਵਾਸ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਈਰਾਨ ਅਤੇ ਇਜ਼ਰਾਈਲ ਵਿਚਕਾਰ ਫ਼ੌਜੀ ਟਕਰਾਅ ਦੌਰਾਨ ਸ਼ੁਰੂ ਕੀਤੇ ਗਏ ਆਪਣੇ ਨਾਗਰਿਕਾਂ ਨੂੰ ਕੱਢਣ ਦੀ ਪ੍ਰਕਿਰਿਆ ਨੂੰ ਬੰਦ ਕਰ ਰਿਹਾ ਹੈ, ਕਿਉਂਕਿ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ ਹੋ ਗਈ ਹੈ। ਦੂਤਾਵਾਸ ਨੇ ਨਿਕਾਸੀ ਲਈ ਨਵੇਂ ਨਾਮ ਦਰਜ ਕਰਨ ਲਈ ਖੋਲ੍ਹਿਆ ਗਿਆ ਡੈਸਕ ਬੰਦ ਕਰ ਦਿੱਤਾ ਹੈ। ਹਾਲਾਂਕਿ, ਐਕਸ ’ਤੇ ਇੱਕ ਪੋਸਟ ਵਿੱਚ ਦੂਤਾਵਾਸ ਨੇ ਲਿਖਿਆ ਕਿ ਭਾਰਤ ਈਰਾਨ ਦੀ ਸਥਿਤੀ ’ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਜੇਕਰ ਉੱਥੇ ਮੌਜੂਦ ਭਾਰਤੀਆਂ ਨੂੰ ਕੋਈ ਖ਼ਤਰਾ ਹੁੰਦਾ ਹੈ ਤਾਂ ਉਹ ਆਪਣੀ ਰਣਨੀਤੀ ਬਦਲ ਦੇਵੇਗਾ। ਦੋਵਾਂ ਦੇਸ਼ਾਂ ਵਿਚਕਾਰ ਵਧਦੀ ਦੁਸ਼ਮਣੀ ਦੇ ਵਿਚਕਾਰ ਭਾਰਤ ਨੇ ਪਿਛਲੇ ਹਫ਼ਤੇ ਈਰਾਨ ਅਤੇ ਇਜ਼ਰਾਈਲ ਤੋਂ ਭਾਰਤੀਆਂ ਨੂੰ



ਵਾਪਸ ਲਿਆਉਣ ਲਈ ਆਪ੍ਰੇਸ਼ਨ ਸਿੰਧੂ ਸ਼ੁਰੂ ਕੀਤਾ ਸੀ। ਇਸ ਦੌਰਾਨ 25 ਜੂਨ ਦੀ ਰਾਤ ਨੂੰ 12.01 ਵਜੇ 282 ਭਾਰਤੀਆਂ ਨੂੰ ਲੈ ਕੇ ਇੱਕ ਉਡਾਣ ਮਸ਼ਹਦ ਤੋਂ ਦਿੱਲੀ ਪਹੁੰਚੀ। ਇਸ ਦੇ ਨਾਲ ਆਪ੍ਰੇਸ਼ਨ ਸਿੰਧੂ ਤਹਿਤ ਕੱਢੇ ਗਏ ਲੋਕਾਂ ਦੀ ਕੁੱਲ ਗਿਣਤੀ 2,858 ਹੋ ਗਈ ਹੈ। ਭਾਰਤ ਨੇ ਮੰਗਲਵਾਰ ਨੂੰ ਆਪ੍ਰੇਸ਼ਨ ਸਿੰਧੂ ਦੇ ਤਹਿਤ 1,100 ਤੋਂ ਵੱਧ ਨਾਗਰਿਕਾਂ ਨੂੰ ਬਾਹਰ ਕੱਢਿਆ। ਈਰਾਨ ਅਤੇ ਇਜ਼ਰਾਈਲ ਤੋਂ ਕੱਢੇ ਗਏ ਲੋਕਾਂ ਦੀ ਗਿਣਤੀ 3170 ਤੱਕ ਪਹੁੰਚ ਗਈ ਹੈ।ਪੋਸਟ ਵਿੱਚ ਦੂਤਾਵਾਸ ਨੇ ਮਸ਼ਹਦ ਜਾਣ ਦੀ ਯੋਜਨਾ ਬਣਾ ਰਹੇ ਭਾਰਤੀਆਂ ਨੂੰ ਸਲਾਹ ਦਿੱਤੀ ਕਿ ਉਹ ਜਿੱਥੇ ਹਨ ਉੱਥੇ ਹੀ ਰਹਿਣ ਅਤੇ ਖ਼ਬਰਾਂ ’ਤੇ ਨਜ਼ਰ ਰੱਖਣ। ਦੂਤਾਵਾਸ ਨੇ ਹੋਟਲ ਵਿੱਚ ਪਹਿਲਾਂ ਤੋਂ ਹੀ ਰਹਿ ਰਹੇ ਲੋਕਾਂ ਨੂੰ ਮਸ਼ਹਦ ਦੇ ਸਦਰ ਹੋਟਲ ਵਿੱਚ ਜਾਣ ਲਈ। ਪੋਸਟ ਵਿਚ ਕਿਹਾ ਗਿਆ, ‘‘ਦੂਤਾਵਾਸ ਸਦਰ ਹੋਟਲ ਦੇ ਕਮਰੇ 2 ਹੋਰ ਰਾਤਾਂ ਲਈ (26 ਜੂਨ ਨੂੰ ਚੈੱਕਆਉਟ ਸਮੇਂ ਤਕ) ਰੱਖੇਗਾ। ਇਸ ਨਾਲ ਨਾਗਰਿਕਾਂ ਨੂੰ ਇਹ ਪਤਾ ਲਗਾਉਣ ਲਈ ਵੀ ਸਮਾਂ ਮਿਲੇਗਾ ਕਿ ਈਰਾਨ ਵਿੱਚ ਸਥਿਤੀ ਆਮ ਵਾਂਗ ਹੋ ਰਹੀ ਹੈ।

# ਉਪ ਰਾਸ਼ਟਰਪਤੀ ਧਨਖੜ ’ਵਰਸਿਟੀ ਦੇ ਪ੍ਰੋਗਰਾਮ ’ਚ ਹੋਏ ਬੇਹੋਸ਼

**ਨੈਨੀਤਾਲ।** ਉਪ ਪ੍ਰਧਾਨ ਜਗਦੀਪ ਧਨਖੜ ਬੁਧਵਾਰ ਨੂੰ ਕੁਮਾਉਂ ਯੂਨੀਵਰਸਿਟੀ ਦੇ ਗੋਲਡਨ ਜੁਬਲੀ ਸਮਾਰੋਹ ’ਚ ਹਿੱਸਾ ਲੈਂਦੇ ਸਮੇਂ ਬੇਹੋਸ਼ ਹੋ ਗਏ। ਜਦੋਂ ਉਪ ਰਾਸ਼ਟਰਪਤੀ ਅਪਣਾ ਭਾਸ਼ਣ ਦੇਣ ਤੋਂ ਬਾਅਦ ਮੰਚ ਤੋਂ ਹੇਠਾਂ ਉਤਰੇ ਤਾਂ ਉਨ੍ਹਾਂ ਨੇ ਅਪਣੇ ਸਾਬਕਾ ਸੰਸਦੀ ਸਹਿਯੋਗੀ ਮਹਿੰਦਰ ਸਿੰਘ ਪਾਲ ਵਲ ਗਏ, ਜੋ ਸਰੋਤਿਆਂ ਵਿਚ ਬੈਠੇ ਸਨ। ਦੋਵੇਂ ਇਕ-ਦੂਜੇ ਨੂੰ ਵੇਖ ਕੇ ਭਾਵੁਕ ਹੁੰਦੇ ਵਿਖਾਈ ਦਿਤੇ। ਕੁੱਝ ਦੇਰ ਇਕ-ਦੂਜੇ ਨਾਲ ਗੱਲ ਕਰਨ ਤੋਂ ਬਾਅਦ ਧਨਖੜ ਨੇ ਪਾਲ ਨੂੰ ਗਲੇ ਲਗਾ ਲਿਆ ਅਤੇ ਉਨ੍ਹਾਂ ਦੇ ਮੋਢਿਆਂ ਉਤੇ ਬੇਹੋਸ਼ ਹੋਏ ਦਿਸੇ। ਕੁੱਝ ਗੜਬੜ ਵੇਖ ਕੇ ਉਪ ਰਾਸ਼ਟਰਪਤੀ ਦੇ ਨਾਲ ਆਈ ਮੈਡੀਕਲ ਟੀਮ ਨੇ ਤੁਰਤ ਕਾਰਵਾਈ ਕੀਤੀ ਅਤੇ ਉਨ੍ਹਾਂ ਨੂੰ ਹੋਸ਼ ’ਚ ਲਿਆਂਦਾ। ਧਨਖੜ ਜਲਦੀ ਹੀ ਠੀਕ ਹੋ ਗਏ ਅਤੇ ਰਾਜ ਭਵਨ ਚਲੇ ਗਏ। ਉਪ ਰਾਸ਼ਟਰਪਤੀ ਨੇ ਬੁਧਵਾਰ ਨੂੰ ਨੈਨੀਤਾਲ ਦੇ ਅਪਣੇ ਤਿੰਨ ਦਿਨਾਂ ਦੌਰੇ ਦੀ ਸ਼ੁਰੂਆਤ ਕੀਤੀ।



# ਅਟਾਰੀ ਸਰਹੱਦ ਤੋਂ ਵਾਪਸ ਆ ਰਹੇ ਝਾਰਖੰਡ ਦੇ ਸੈਲਾਨੀਆਂ ਨੂੰ ਲੁਟੇਰਿਆਂ ਨੇ ਲੁੱਟਣ ਦੀ ਕੀਤੀ ਕੋਸ਼ਿਸ਼





**ਅੰਮ੍ਰਿਤਸਰ।** ਅੰਮ੍ਰਿਤਸਰ ਦੇ ਅਟਾਰੀ ਬਾਰਡਰ 'ਤੇ ਰਿਟਰੀਟ ਸੈਰੇਮਨੀ ਦੇਖ ਕੇ ਵਾਪਸ ਆ ਰਹੇ ਝਾਰਖੰਡ ਦੇ ਇੱਕ ਸੈਲਾਨੀ ਪਰਿਵਾਰ 'ਤੇ ਬਦਮਾਸ਼ਾਂ ਨੇ ਹਮਲਾ ਕਰ ਦਿੱਤਾ। ਦੋ ਬਾਈਕ ਸਵਾਰ ਬਦਮਾਸ਼ਾਂ ਨੇ ਸੈਲਾਨੀਆਂ ਨਾਲ ਭਰੇ ਇੱਕ ਆਟੋ ਰਿਕਸ਼ਾ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ।ਇਸ ਦੌਰਾਨ ਆਟੋ ਪਲਟ ਗਿਆ। ਇਹ ਘਟਨਾ ਅਟਾਰੀ ਬਾਰਡਰ ਰੋਡ 'ਤੇ ਵਾਪਰੀ। ਹਾਦਸੇ ਵਿੱਚ ਝਾਰਖੰਡ ਦਾ ਪੂਰਾ ਪਰਿਵਾਰ ਅਤੇ ਆਟੋ ਚਾਲਕ ਪ੍ਰਿੰਸ ਜ਼ਖ਼ਮੀ ਹੋ ਗਏ। ਮੌਕੇ 'ਤੇ ਮੌਜੂਦ ਬੀਐਸਐਫ਼ ਅਧਿਕਾਰੀਆਂ ਨੇ ਤੁਰੰਤ ਸਾਰੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ। ਝਾਰਖੰਡ ਦੇ ਦੁਮਕਾ ਦੇ ਬੈਜਨਾਥ ਧਾਮ ਦੇ ਰਹਿਣ ਵਾਲੇ ਪੀੜਤ ਰਾਜੇਸ਼ ਕੁਮਾਰ ਨੇ ਦੱਸਿਆ ਕਿ ਉਹ ਸੋਮਵਾਰ ਸ਼ਾਮ ਨੂੰ ਅਟਾਰੀ ਸਰਹੱਦ 'ਤੇ ਪਰੇਡ ਦੇਖ ਕੇ ਆਪਣੇ ਪਰਿਵਾਰ ਨਾਲ ਵਾਪਸ ਆ ਰਿਹਾ ਸੀ। ਜਦੋਂ ਉਹ ਥੋੜ੍ਹੀ ਦੂਰ ਪਹੁੰਚੇ ਤਾਂ ਪਿੱਛੇ ਤੋਂ ਦੋ ਨਕਾਬਪੋਸ਼ ਬਾਈਕ ਸਵਾਰ ਆਏ। ਉਨ੍ਹਾਂ ਨੇ ਉਸ ਦੀ ਪਤਨੀ ਤੋਂ ਪਰਸ ਖੋਹਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਉਨ੍ਹਾਂ ਦੀ ਬਾਈਕ ਆਟੋ ਨਾਲ ਟਕਰਾ ਗਈ ਅਤੇ ਆਟੋ ਪਲਟ ਗਿਆ। ਇਸ ਦੌਰਾਨ ਉਸ ਦੀ ਪਤਨੀ ਅਤੇ ਧੀ ਦੀਆਂ ਲੱਤਾਂ ਵਿੱਚ ਫ਼ਰੈਕਚਰ ਹੋ ਗਿਆ। ਪਹਿਲਾਂ ਆਟੋ ਨੂੰ ਸਿੱਧਾ ਕੀਤਾ ਗਿਆ ਅਤੇ ਫਿਰ ਬੀਐਸਐਫ਼ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਅਤੇ ਉਨ੍ਹਾਂ ਨੇ ਐਂਬੂਲੈਂਸ ਬੁਲਾ ਕੇ ਉਨ੍ਹਾਂ ਨੂੰ ਹਸਪਤਾਲ ਭੇਜਿਆ। ਪੀੜਤ ਪਰਿਵਾਰ ਨੇ ਪੁਲਿਸ ਨੂੰ ਸੂਚਿਤ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਬੀਐਸਐਫ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਹੈ ਅਤੇ ਉਹ ਅਗਲੀ ਕਾਰਵਾਈ ਕਰਨਗੇ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਰਘੂਵੰਸ਼ੀ ਕਤਲ ਕੇਸ: ਮੇਘਾਲਿਆ ਪੁਲੀਸ ਵੱਲੋਂ ਇੰਦੌਰ ਵਿਚ ਨਦੀ ’ਚੋਂ ਦੇਸੀ ਪਿਸਤੌਲ ਬਰਾਮਦ

**ਸ਼ਿਲੌਂਗ।** ਕਾਰੋਬਾਰੀ ਰਾਜਾ ਰਘੂਵੰਸ਼ੀ ਦੇ ਕਤਲ ਕੇਸ ਦੀ ਜਾਂਚ ਕਰ ਰਹੀ ਮੇਘਾਲਿਆ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਨੇ ਬੁੱਧਵਾਰ ਨੂੰ ਇੰਦੌਰ ਦੇ ਪਲਾਸੀਆ ਖੇਤਰ ਵਿੱਚ ਇੱਕ ਨਦੀ ’ਚੋਂ ਦੇਸੀ ਪਿਸਤੌਲ ਬਰਾਮਦ ਕੀਤਾ ਹੈ। ਪੂਰਬੀ ਖਾਸੀ ਹਿਲਜ਼ ਦੇ ਐੱਸਪੀ ਵਿਵੇਕ ਸਈਮ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, ‘‘ਅਸੀਂ ਇੰਦੌਰ ਵਿੱਚ ਇੱਕ ਨਦੀ ’ਚੋਂ ਦੋ ਮੈਗਜ਼ੀਨਾਂ ਨਾਲ ਇੱਕ ਦੇਸੀ ਪਿਸਤੌਲ ਬਰਾਮਦ ਕੀਤਾ ਹੈ।’’ ਅਧਿਕਾਰੀ ਨੇ ਕਿਹਾ ਕਿ ਇਸ ਤੋਂ ਪਹਿਲਾਂ ਇੰਦੌਰ ਵਿੱਚ ਇੱਕ ਕਾਰ ਵਿੱਚ ਰੱਖੇ ਡੱਬੇ ’ਚੋਂ 50,000 ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਸੀ। ਇੰਦੌਰ ਪੁਲੀਸ ਦੇ ਅਧਿਕਾਰੀ ਨੇ ਕਿਹਾ ਕਿ ਇਹ ਹਥਿਆਰ ਸ਼ਹਿਰ ਦੇ ਇੱਕ ਫਲੈਟ ਤੋਂ ਹੋਰ ਚੀਜ਼ਾਂ ਦੇ ਨਾਲ ਗਾਇਬ ਹੋਣ ਦਾ ਸ਼ੱਕ ਹੈ ਜਿੱਥੇ ਰਾਜਾ ਰਘੂਵੰਸ਼ੀ ਦੀ ਪਤਨੀ ਅਤੇ ਮੁੱਖ ਮੁਲਜ਼ਮ ਸੋਨਮ ਕਤਲ ਮਗਰੋਂ ਮੇਘਾਲਿਆ ਤੋਂ ਭੱਜਣ ਤੋਂ ਬਾਅਦ ਕਈ ਦਿਨਾਂ ਤੱਕ ਰੁਕੀ ਸੀ। ਸੋਨਮ, ਉਸ ਦੇ ਕਥਿਤ ਪ੍ਰੇਮੀ ਰਾਜ ਕੁਸ਼ਵਾਹਾ ਅਤੇ ਉਸ ਦੇ ਦੋਸਤਾਂ ਵਿਸ਼ਾਲ ਚੌਹਾਨ, ਆਕਾਸ਼ ਰਾਜਪੂਤ



ਅਤੇ ਆਨੰਦ ਕੁਰਮੀ ਨੂੰ ਕਾਰੋਬਾਰੀ ਦੇ ਕਤਲ ਦੀ ਸਾਜ਼ਿਸ਼ ਘੜਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਰਘੂਵੰਸ਼ੀ, ਜਿਸ ਨੇ 11 ਮਈ ਨੂੰ ਸੋਨਮ ਨਾਲ ਵਿਆਹ ਕੀਤਾ ਸੀ, 23 ਮਈ ਨੂੰ ਮੇਘਾਲਿਆ ਵਿੱਚ ਆਪਣੇ ਹਨੀਮੂਨ ਦੌਰਾਨ ਲਾਪਤਾ ਹੋ ਗਿਆ ਸੀ। ਉਸ ਦੀ ਲਾਸ਼ 2 ਜੂਨ ਨੂੰ ਪੂਰਬੀ ਖਾਸੀ ਪਹਾੜੀਆਂ ਜ਼ਿਲ੍ਹੇ ਦੇ ਸੋਹਰਾ ਖੇਤਰ ਵਿੱਚ ਇੱਕ ਡੂੰਘੀ ਖੱਡ ਵਿੱਚੋਂ ਮਿਲੀ ਸੀ। ਸਈਮ ਨੇ ਕਿਹਾ, ‘‘ਹਥਿਆਰ ਅਤੇ ਗੋਲਾ ਬਾਰੂਦ ਦੀ ਬਰਾਮਦਗੀ ਇਸ ਕਤਲ ਦੀ ਯੋਜਨਾਬੰਦੀ ਬਾਰੇ ਸਾਡੇ ਸ਼ੱਕ ਦੀ ਪੁਸ਼ਟੀ ਕਰਦੀ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਨਵਜੰਮੇ ਬੱਚੇ ਨੂੰ ਹਸਪਤਾਲ ਤੋਂ ਲੈ ਕੇ ਘਰ ਪਰਤ ਰਹੇ ਪਰਵਾਰ ਦੀ ਕਾਰ ਨਾਲੇ ’ਚ ਡਿੱਗੀ



**ਹਲਦਵਾਨੀ।** ਬੁੱਧਵਾਰ ਸਵੇਰੇ ਹਲਦਵਾਨੀ ਵਿੱਚ ਇੱਕ ਦਰਦ-ਨਾਕ ਹਾਦਸਾ ਵਾਪਰਿਆ। ਸੁਸ਼ੀਲ ਤਿਵਾੜੀ ਹਸਪਤਾਲ ਤੋਂ ਬੱਚੇ ਦੀ ਡਿਲੀਵਰੀ ਤੋਂ ਬਾਅਦ ਘਰ ਪਰਤ ਰਹੇ ਇੱਕ ਪਰਿਵਾਰ ਦੀ ਕਾਰ ਨਹਿਰ ਵਿੱਚ ਡਿੱਗ ਗਈ। ਜਿਸ ਵਿੱਚ ਇੱਕੋ ਪਰਿਵਾਰ ਦੇ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਸਵੇਰੇ ਕਰੀਬ 7:00 ਵਜੇ ਕੋਤਵਾਲੀ ਇਲਾਕੇ ਵਿੱਚ ਮੰਡੀ ਸਮਿਤੀ ਗੇਟ ਦੇ ਸਾਹਮਣੇ ਸਿੰਚਾਈ ਨਹਿਰ ਵਿੱਚ ਵਾਪਰਿਆ। ਭਾਰੀ ਮੀਂਹ ਕਾਰਨ ਨਾਲਾ ਭਰ ਗਿਆ ਸੀ, ਜਿਸ ਦੌਰਾਨ ਕਾਰ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਨਾਲੇ ਵਿੱਚ ਡਿੱਗ ਗਈ। ਹਾਦਸੇ ਤੋਂ ਤਿੰਨ ਦਿਨ ਪਹਿਲਾਂ ਪੈਦਾ ਹੋਇਆ ਬੱਚਾ ਵੀ ਬਚ ਨਹੀਂ ਸਕਿਆ। ਜਾਣਕਾਰੀ ਅਨੁਸਾਰ ਕਾਰ ਨਹਿਰ ਵਿੱਚ ਡਿੱਗਦੇ ਹੀ ਪਲਟ ਗਈ ਅਤੇ ਥੋੜ੍ਹੀ ਅੱਗੇ ਵਗਦੇ ਇੱਕ ਪੁਲੀ ਵਿੱਚ ਫਸ ਗਈ। ਜਿਸ ਕਾਰਨ ਪਾਣੀ ਕਾਰ ਵਿੱਚ ਵੜ ਗਿਆ ਅਤੇ ਲੋਕ ਆਪਣੇ ਆਪ ਨੂੰ ਨਹੀਂ ਬਚਾ ਸਕੇ। ਕਾਰ ਵਿੱਚ ਕੁੱਲ 7 ਲੋਕ ਸਨ। ਜਿਸ ਵਿੱਚ ਇੱਕ ਬੱਚੇ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਜਦੋਂ ਕਿ ਤਿੰਨ ਲੋਕ ਗੰਭੀਰ ਜ਼ਖ਼ਮੀ ਹਨ ਅਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ, ਸੂਚਨਾ ਮਿਲਦੇ ਹੀ ਪੁਲਿਸ ਮੌਕੇ ’ਤੇ ਪਹੁੰਚ ਗਈ ਅਤੇ ਟੀਮ ਨੇ ਕਾਰ ਵਿੱਚ ਫਸੇ ਲੋਕਾਂ ਨੂੰ ਨਹਿਰ ਵਿੱਚੋਂ ਬਾਹਰ ਕੱਢਿਆ। ਹਲਦਵਾਨੀ ਦੇ ਐਸਪੀ ਸਿਟੀ ਪ੍ਰਕਾਸ਼ ਚੰਦਰ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਪੁਲਿਸ ਅਤੇ ਫ਼ਾਇਰ ਬ੍ਰਿਗੇਡ ਦੀ ਟੀਮ ਮੌਕੇ ’ਤੇ ਪਹੁੰਚ ਗਈ ਅਤੇ ਕਰੇਨ ਦੀ ਮਦਦ ਨਾਲ ਨਾਲੀ ਦੇ ਹੇਠਾਂ ਫਸੇ ਵਾਹਨ ਨੂੰ ਕਢਿਆ ਗਿਆ। ਉਸਨੇ ਦੱਸਿਆ ਕਿ ਕਾਰ ਵਿਚ ਕੁੱਲ 7 ਲੋਕ ਸਵਾਰ ਸਨ। ਇਨ੍ਹਾਂ ਵਿੱਚੋਂ ਇੱਕ ਬੱਚੇ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਤਿੰਨ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ। ਪੁਲਿਸ ਨੇ ਕਾਰ ਅਤੇ ਮ੍ਰਿਤਕਾਂ ਬਾਰੇ ਜਾਣਕਾਰੀ ਇਕੱਠੀ ਕਰ ਲਈ ਹੈ। ਇਹ ਲੋਕ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਕਿੱਛਾ ਦੇ ਰਹਿਣ ਵਾਲੇ ਸਨ। ਸੀਐਮ ਧਾਮੀ ਨੇ ਇਸ ਹਾਦਸੇ ’ਤੇ ਦੁੱਖ ਪ੍ਰਗਟ ਕੀਤਾ ਹੈ।

## ਹੁਣ ਸਰਕਾਰੀ ਸਕੂਲਾਂ ’ਚ ਸਵੇਰ ਦੀ ਅਸੈਂਬਲੀ ਦੌਰਾਨ ਖ਼ਬਰਾਂ ਪੜ੍ਹਨਾ ਹੋਵੇਗਾ ਲਾਜ਼ਮੀ



**ਹਿਮਾਚਲ।** ਹਿਮਾਚਲ ਪ੍ਰਦੇਸ਼ ਦੇ ਸਿੱਖਿਆ ਵਿਭਾਗ ਨੇ ਸਰਕਾਰੀ ਸਕੂਲਾਂ ਦੇ ਸਾਰੇ ਡਿਪਟੀ ਡਾਇਰੈਕਟਰਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਵਿਦਿਆਰਥੀਆਂ ਲਈ ਰੋਜ਼ਾਨਾ ਖ਼ਬਰਾਂ ਪੜ੍ਹਨਾ ਲਾਜ਼ਮੀ ਬਣਾਇਆ ਜਾਵੇ। ਇਹ ਫ਼ੈਸਲਾ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੇ ਕੁੱਲੂ ਜ਼ਿਲ੍ਹੇ ਦੇ ਬਾਗਾ ਸਰਾਹਨ ਵਿਖੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਦੇ ਹਾਲ ਹੀ ਦੇ ਦੌਰੇ ਤੋਂ ਬਾਅਦ ਆਇਆ ਹੈ। ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਉਨ੍ਹਾਂ ਵਿੱਚ ਆਮ ਜਾਗਰੂਕਤਾ ਦੀ ਘਾਟ ਪਾਈ ਅਤੇ ਵਿਦਿਆਰਥੀਆਂ ਨੂੰ ਆਪਣੇ ਅਕਾਦਮਿਕ ਪਾਠਕ੍ਰਮ ਦੇ ਨਾਲ-ਨਾਲ ਵਿਹਾਰਕ ਗਿਆਨ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਇੱਕ ਸਰਕਾਰੀ ਬੁਲ-ਾਰੇ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਮੁੱਖ ਮੰਤਰੀ ਦੇ ਅਨੁਸਾਰ, ਅਜਿਹੇ ਉਪਰਾਲੇ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਅਸਲ-ਸੰਸਾਰ ਦੀਆਂ ਚੁਣੌਤੀਆਂ ਲਈ ਤਿਆਰ ਕਰਨ ਲਈ ਮਹੱਤਵਪੂਰਨ ਹਨ। ਇਸ ਮੰਤਵ ਲਈ, ਸਿੱਖਿਆ ਵਿਭਾਗ ਨੇ ਵਿਦਿਆਰਥੀਆਂ ਦੇ ਆਮ ਗਿਆਨ, ਆਲੋਚਨਾਤਮਕ ਸੋਚ ਅਤੇ ਸੰਚਾਰ ਹੁਨਰ ਨੂੰ ਵਧਾਉਣ ਦੇ ਉਦੇਸ਼ ਨਾਲ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਬੁਲਾਰੇ ਨੇ ਕਿਹਾ ਕਿ ਸਾਰੇ ਸਕੂਲ ਮੁਖੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ ਅਦਾਰਿਆਂ ਵਿੱਚ ਅੰਗਰੇਜ਼ੀ ਅਤੇ ਹਿੰਦੀ ਦੋਵਾਂ ਤਰ੍ਹਾਂ ਦੇ ਅਖ਼ਬਾਰਾਂ ਦੀ ਨਿਯਮਤ ਉਪਲਬਧਤਾ ਨੂੰ ਯਕੀਨੀ ਬਣਾਉਣ। ਉਸਨੇ ਕਿਹਾ ਕਿ ਇਨ੍ਹਾਂ ਸਰੋਤਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਪੜ੍ਹਨ ਦੀ ਸਮਝ, ਸ਼ਬਦਾਵਲੀ ਅਤੇ ਉਚਾਰਨ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨਾ ਹੈ, ਨਾਲ ਹੀ ਜਨਤਕ ਤੌਰ ’ਤੇ ਬੋਲਣ ਅਤੇ ਮੀਟਿੰਗਾਂ ਵਿੱਚ ਵਿਸ਼ਵਾਸ ਨਾਲ ਭਾਗੀਦਾਰੀ ਨੂੰ ਉਤਸ਼ਾਹਤ ਕਰਨਾ ਹੈ। ਬੁਲਾਰੇ ਨੇ ਕਿਹਾ ਕਿ ਇਹ ਪਹਿਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਉਤਸ਼ਾਹਤ ਕਰੇਗੀ। ਉਨ੍ਹਾਂ ਕਿਹਾ ਕਿ ਇੱਕ ਵਧਦੀ ਆਪਸ ਵਿੱਚ ਜੁੜੀ ਦੁਨੀਆ ਵਿੱਚ, ਇਹ ਕਦਮ ਇਹ ਯਕੀਨੀ ਬਣਾਏਗਾ ਕਿ ਵਿਦਿਆਰਥੀ ਰਾਸ਼ਟਰੀ ਅਤੇ ਵਿਸ਼ਵ ਪੱਧਰ ’ਤੇ ਮੌਜੂਦਾ ਘਟਨਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਣ।

## ਨਸ਼ਾ ਤਸਕਰਾਂ ਦੀ ‘ਮੁਖ਼ਬਰੀ’ ਕਰਨ ’ਤੇ ਨਾਬਾਲਗ ਨੌਜਵਾਨ ਨੂੰ ਦਿੱਤੀ ‘ਤਾਲੀਬਾਨੀ’ ਸਜ਼ਾ



**ਫ਼ਿਰੋਜ਼ਪੁਰ।** ਇਥੇ ਫ਼ਰੀਦਕੋਟ ਰੋਡ ’ਤੇ ਸਥਿਤ ਪਿੰਡ ਨਵਾਂ ਪੁਰਬਾ ਵਿੱਚ ਨਸ਼ਾ ਤਸਕਰਾਂ ਦੀ ਦਹਿਸ਼ਤ ਦਾ ਇੱਕ ਭਿਆਨਕ ਮਾਮਲਾ ਸਾਹਮਣੇ ਆਇਆ ਹੈ। ਨਸ਼ਾ ਤਸਕਰਾਂ ਨੇ ਉਨ੍ਹਾਂ ਦੀ ਪੁਲੀਸ ਕੋਲ ਮੁਖ਼ਬਰੀ ਦੇ ਸ਼ੱਕ ਵਿੱਚ ਇੱਕ ਨਾਬ-ਾਲਗ ਨੌਜਵਾਨ ਨੂੰ ਬੇਰਹਿਮੀ ਨਾਲ ਕੁੱਟਿਆ ਅਤੇ ਉਸ ਨੂੰ ਅੱਧ-ਨੰਗਾ ਕਰਕੇ ਉਸਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ‘ਤੇ ਵਾਇਰਲ ਕਰ ਦਿੱਤੀ। ਇਹ ਘਟਨਾ ਤਿੰਨ-ਚਾਰ ਦਿਨ ਪਹਿਲਾਂ ਦੀ ਦੱਸੀ ਜਾ ਰਹੀ ਹੈ, ਜਿਸ ਨੇ ਪੂਰੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ। ਪੀੜਤ ਨੌਜਵਾਨ ਵਿਸ਼ਾਲ, ਜੋ ਦਿਹਾੜੀ ਮਜ਼ਦੂਰੀ ਕਰਦਾ ਹੈ, ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਪੁਲੀਸ ਨੇ ਉਸਦੇ ਪਿੰਡ ਦੇ ਕੁਝ ਨਸ਼ਾ ਤਸਕਰਾਂ ਨੂੰ ਫੜਿਆ ਸੀ। ਜਦੋਂ ਉਹ ਤਸਕਰ ਥਾਣੇ ਤੋਂ ਵਾਪਸ ਆਏ, ਤਾਂ ਉਨ੍ਹਾਂ ਨੇ ਆਪਣੇ ਕੁਝ ਹੋਰ ਸਾਥੀਆਂ ਨਾਲ ਮਿਲ ਕੇ ਉਸਨੂੰ ਰਸਤੇ ਵਿੱਚੋਂ ਹੀ ਚੁੱਕ ਲਿਆ। ਉਸ ਨੇ ਦੋਸ਼ ਲਾਇਆ ਕਿ ਉਸ ਦੀਆਂ ਅੱਖਾਂ ਵਿੱਚ ਲਾਲ ਮਿਰਚਾਂ ਪਾਈਆਂ ਗਈਆਂ ਅਤੇ ਉਸ ਨੂੰ ਨੇੜਲੇ ਪਿੰਡ ਰੁਕਨਾ ਮੁੰਗਲਾ ਲਿਜਾ ਕੇ ਬੇਰਹਿਮੀ ਨਾਲ ਕੁੱਟਿਆ ਗਿਆ। ਡਰ ਕਾਰਨ ਵਿਸ਼ਾਲ ਨੇ ਪਹਿਲਾਂ ਕਿਸੇ ਨੂੰ ਇਸ ਘਟਨਾ ਬਾਰੇ ਨਹੀਂ ਦੱਸਿਆ, ਪਰ ਜਦੋਂ ਹਮਲਾਵਰਾਂ ਨੇ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਕਰ ਦਿੱਤੀ, ਤਾਂ ਮਾਮਲਾ ਸਾਹਮਣੇ ਆਇਆ। ਵਿਸ਼ਾਲ ਦਾ ਕਹਿਣਾ ਹੈ ਕਿ ਉਸਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦੀ ਮਾਂ ਬੀਮਾਰੀ ਕਾਰਨ ਹਸਪਤਾਲ ਵਿੱਚ ਦਾਖਲ ਹੈ। ਘਰ ਵਿੱਚ ਉਸ ਦੀ ਛੋਟੀ ਭੈਣ ਵੀ ਹੈ। ਹਮਲਾਵਰਾਂ ਦੀਆਂ ਧਮਕੀਆਂ ਕਾਰਨ ਉਹ ਸਹਿਮਿਆ ਹੋਇਆ ਹੈ।

SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਰਕਾਰ ਵਿਰੋਧੀਆਂ ਦੀ ਆਵਾਜ਼ ਨੂੰ ਦਬਾਅ ਰਹੀ ਹੈ- ਇੰਜ. ਲਾਲਕਾ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**

ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਬਹੁਤ ਜਿਆਦਾ ਹੰਕਾਰ ਨਾਲ ਭਰ ਗਈ ਹੈ ਇਹਨਾਂ ਨੂੰ ਇਹ ਨਹੀਂ ਪਤਾ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਨਾਲ ਕਿਸ ਤਰ੍ਹਾਂ ਵਿਚਰਨਾ ਹੈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚੁਟਕਲਿਆਂ ਵਿੱਚ ਮਾਹਰ ਹਨ ਉਹ ਚੁਟਕਲਿਆਂ ਵਿੱਚ ਹੀ ਵਿਰੋਧੀਆਂ ਨੂੰ ਦਬਾਉਣ ਦਾ ਯਤਨ ਕਰਦੇ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਤਿੰਨ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ ਤੇ ਪੰਜਾਬ ਵਿੱਚ ਨਸ਼ਿਆਂ ਦਾ ਹੜ ਆਇਆ ਹੋਇਆ ਹੈ ਹੁਣ ਨਸ਼ਿਆਂ ਦੀ ਸਪਲਾਈ ਘਰ ਘਰ ਗਲੀ ਗਲੀ ਵਿੱਚ ਹੋ ਰਹੀ ਹੈ ਹੁਣ ਇਸ ਵੇਲੇ ਨਸ਼ੇ ਕੌਣ ਵੰਡ ਰਿਹਾ ਹੈ ਪਹਿਲਾਂ ਤਾਂ ਇਹ ਕਹਿੰਦੇ ਸੀ ਬਿਕਰਮਜੀਤ ਸਿੰਘ ਮਜੀਠੀਆ ਨਸ਼ਿਆਂ ਦਾ ਧੰਦਾ ਕਰ ਰਿਹਾ ਹੈ ਪਰ ਹੁਣ ਪੰਜਾਬ ਵਿੱਚ ਨਸ਼ਿਆਂ ਨੂੰ ਫੈਲਾਉਣ ਲਈ ਆਮ ਆਦਮੀ ਪਾਰਟੀ ਨਾਲ ਸੰਬੰਧਿਤ ਅਨੇਕਾਂ ਮੰਤਰੀਆਂ ਵਿਧਾਇਕਾਂ ਦਾ ਨਾਮ ਸਾਹਮਣੇ ਆਉਂਦਾ ਹੈ ਕਈ ਗੱਲਾਂ ਉਜਾਗਰ ਹੋ ਚੁੱਕੀਆਂ ਹਨ। ਆਮ ਆਦਮੀ ਪਾਰਟੀ ਆਪਣੀਆਂ ਨਕਾਮੀਆਂ ਨੂੰ



ਛਪਾਉਣ ਦੇ ਲਈ ਅਕਾਲੀ ਦਲ ਦੇ ਵੱਡੇ ਆਗੂ ਬਿਕਰਮਜੀਤ ਸਿੰਘ ਮਜੀਠੀਆ ਦੇ ਵਿਰੁੱਧ ਤਾਣਾ ਬਾਣਾ ਬੁਣ ਕੇ ਉਸ ਨੂੰ ਫਸਾਉਣ ਦਾ ਯਤਨ ਕਰ ਰਹੀ ਹੈ ਜਿਸ ਵਿੱਚ ਉਹ ਕਦੇ ਵੀ ਸਫਲ ਨਹੀਂ ਹੋਵੇਗੀ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਐਸ ਸੀ ਕਮਿਸ਼ਨ ਨਾਲ ਸੰਬੰਧਿਤ ਸੀਨੀਅਰ ਆਗੂ ਇੰਜਨੀਅਰ ਬਲਵਿੰਦਰ ਲਾਲਕਾ ਨੇ ਕੀਤਾ ਉਹਨਾਂ ਦਾ ਕਹਿਣਾ ਸੀ ਕਿ ਜੋ ਕੁਝ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਰਵਿੰਦ ਕੇਜਰੀਵਾਲ ਵਿਰੋਧੀਆਂ ਨਾਲ ਕਰ ਰਹੇ ਹਨ। ਉਹ ਸਭ ਕੁਝ ਵਿਰੋਧੀ ਤਾਂ ਔਖੇ ਸੌਖੇ ਝੱਲ ਲੈਣਗੇ ਪਰ ਜਦੋਂ ਇਹਨਾਂ ਦੀ ਵਾਰੀ ਆਉਣੀ ਹੈ ਫਿਰ ਇਹਨਾਂ ਤੋਂ ਨਹੀਂ ਝੱਲਿਆ ਜਾਣਾ ਭਗਵੰਤ ਮਾਨ ਸੱਤਾ ਦੇ ਨਸ਼ੇ ਵਿੱਚ ਗਲਤ ਭਾਜੀ ਪਾ ਰਿਹਾ ਹੈ ਜੋ ਕਿਸੇ ਪਾਸਿਓਂ ਵੀ ਸਹੀ ਨਹੀਂ।

# ਅਕਾਲੀ ਸਰਕਾਰ ਵੇਲੇ ਦਰਜ ਹੋਏ ਕੇਸ ਦੇ ਸੰਬੰਧ 'ਚ ਹੀ ਵਿਜੀਲੈਂਸ ਵੱਲੋਂ ਮਜੀਠੀਏ ਨੂੰ ਕੀਤਾ ਗਿਆ ਗ੍ਰਿਫਤਾਰ: ਮਾਲਵਿੰਦਰ ਸਿੰਘ ਕੰਗ

## ਸੰਜੀਵ ਅਰੋੜਾ ਨੂੰ ਜਲਦੀ ਹੀ ਬਣਾਇਆ ਜਾਵੇਗਾ ਕੈਬਨਿਟ ਮੰਤਰੀ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੀ ਨਿਜੀ ਫੇਰੀ ਤੇ ਆਏ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਅਤੇ ਆਪ ਦੇ ਸਪੋਕਸ ਪਰਸਨ ਸ ਮਾਲਵਿੰਦਰ ਸਿੰਘ ਕੰਗ ਨੇ ਅੱਜ ਇੱਥੇ ਅਜੀਤ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਾਲ ਹੀ ਵਿੱਚ ਹੋਈਆਂ ਲੁਧਿਆਣਾ ਜਿਮਨੀ ਚੋਣਾਂ ਚ ਜੇਤੂ ਰਹੇ ਆਪ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਜਲਦੀ ਹੀ ਪੰਜਾਬ ਕੈਬਨਿਟ ਵਿੱਚ ਸ਼ਾਮਿਲ ਕੀਤਾ ਜਾਵੇਗਾ, ਜਿਸ ਦਾ ਕਿ ਐਲਾਨ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਲੁਧਿਆਣਾ ਜਿਮਨੀ ਚੋਣ ਤੋਂ ਪਹਿਲਾਂ ਹੀ ਕਰ ਚੁੱਕੇ ਹਨ।ਅੱਜ ਤੜਕੇ ਹੋਈ ਅਕਾਲੀ ਆਗੂ ਤੇ ਸਾਬਕਾ ਕੈਬਨਟ ਮੰਤਰੀ ਸ ਬਿਕਰਮ ਸਿੰਘ ਮਜੀਠੀਆ ਦੀ ਵਿਜੀਲੈਂਸ ਵੱਲੋਂ ਕੀਤੀ ਗਈ ਗ੍ਰਿਫਤਾਰੀ ਬਾਰੇ ਬੋਲਦਿਆਂ ਸ ਕੰਗ ਨੇ ਕਿਹਾ ਕਿ



**ਇੰਗਲੈਂਡ ਵਿਖੇ ਗੱਲਬਾਤ ਕਰਦੇ ਹੋਏ ਆਪ ਦੇ ਮੈਂਬਰ ਪਾਰਲੀਮੈਂਟ ਅਤੇ ਸਪੋਕਸਪਰਸਨ ਸ ਮਾਲਵਿੰਦਰ ਸਿੰਘ ਕੰਗ। ਤਸਵੀਰ:- ਸੁਖਜਿੰਦਰ ਸਿੰਘ ਢੱਡੇ**

ਅਕਾਲੀ ਸਰਕਾਰ ਵੇਲੇ ਦਰਜ ਹੋਏ ਕੇਸ ਦੇ ਸੰਬੰਧ ਚ ਹੀ ਵਿਜੀਲੈਂਸ ਵੱਲੋਂ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਸ ਕੰਗ ਨੇ ਵਿਦੇਸ਼ਾਂ ਵਿੱਚ ਵਸਦੇ ਐਨ ਆਰ ਆਈਜ ਦੀ ਸਲਾਘਾ ਕਰਦਿਆਂ ਕਿਹਾ ਕਿ ਐਨ ਆਰ ਆਈਜ ਦਾ ਹਮੇਸ਼ਾ ਹੀ ਪੰਜਾਬ ਦੀ ਤਰੱਕੀ ਚ ਵੱਡਾ ਯੋਗਦਾਨ ਰਿਹਾ ਹੈ ਅਤੇ ਹਮੇਸ਼ਾ ਹੀ ਪੰਜਾਬ ਅੰਦਰ ਬਣਨ ਵਾਲੀਆਂ ਸਰਕਾਰਾਂ ਬਣਾਉਣ ਚ ਵਿਦੇਸ਼ਾਂ ਚ ਵਸਦੇ ਪੰਜਾਬੀ ਆਪਣਾ ਵਡ ਮੁੱਲਾ ਯੋਗਦਾਨ ਪਾਉਂਦੇ ਰਹੇ ਹਨ ।ਸ ਕੰਗ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀਆਂ ਪੰਜਾਬ ਸਰਕਾਰ ਤੋਂ ਬਹੁਤ ਆਸਾਂ ਅਤੇ ਉਮੀਦਾਂ ਹਨ ਜਿਨ੍ਹਾ ਤੇ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਖਰਾ ਉਤਰਨ ਦੀ ਪੁਰਜੋਰ ਕੋਸ਼ਿਸ਼ ਕਰ ਰਹੇ ਹਨ। ਸ ਕੰਗ ਨੇ ਕਿਹਾ ਕਿ ਲੁਧਿਆਣਾ ਜਿਮਨੀ ਚੋਣ ਚ ਹੋਈ ਜਿੱਤ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਮੁੱਢ ਬੰਨ ਦਿੱਤਾ ਹੈ ,ਅਤੇ ਪੰਜਾਬ ਵਾਸੀਆਂ ਸਮੇਤ ਵਿਦੇਸ਼ਾਂ ਚ ਵੱਸਦੇ ਪੰਜਾਬੀ ਵੀ ਪੰਜਾਬ ਅੰਦਰ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਲਿਆਉਣ ਦਾ ਮਨ ਬਣਾ ਚੁੱਕੇ ਹਨ. ਸ ਕੰਗ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਚ ਪੰਜਾਬ ਅੰਦਰ ਬਹੁਤ ਹੀ ਤੇਜ਼ੀ ਨਾਲ ਵਿਕਾਸ ਕਾਰਜ ਹੋ ਰਹੇ ਹਨ।

for more news visit:
www.samajweekly.com

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜਨਰਲ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ ਅਤੇ ਸੂਬਾ ਕਮੇਟੀ ਮੈਂਬਰ ਡਾਕਟਰ ਪ੍ਰੇਮ ਸਲੋਹ ਨਿਯੁਕਤ ਕੀਤੇ ਗਏ



**ਨਵਾਂਸ਼ਹਿਰ( ਚਰਨਜੀਤ ਸੱਲ੍ਹਾਂ )** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੀ ਪ੍ਰਧਾਨਗੀ ਹੇਠ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ ਦੀ ਰਿਹਾਇਸ਼ ਪਿੰਡ ਗੁਜਰਪੁਰ ਵਿਖੇ ਕੀਤੀ ਗਈ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ, ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ ਅਤੇ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨਪੁਰ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਜਲਦ ਤੋਂ ਜਲਦ ਹੱਲ ਕਰਨ ਲਈ ਕੋਈ ਕਨੂੰਨ ਬਣਾਇਆ ਜਾਵੇ। ਜਿਸ ਨਾਲ ਮੈਡੀਕਲ ਪ੍ਰੈਕਟੀਸ਼ਨਰਜ਼ ਬਿਨਾਂ ਕਿਸੇ ਡਰ ਤੋਂ ਆਮ ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਦੇਣ ਦੇ ਨਾਲ ਨਾਲ ਆਪਣੇ ਕਿੱਤੇ ਨੂੰ ਬਚਾਉਂਦੇ ਹੋਏ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ। ਮੀਟਿੰਗ ਦੌਰਾਨ ਸਮੂਹ ਮੈਂਬਰਾਂ ਦੀ ਆਪਸੀ ਸਹਿਮਤੀ ਦੇ ਨਾਲ ਡਾਕਟਰ ਰਜਿੰਦਰ ਸਿੰਘ ਲੱਕੀ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਜਨਰਲ ਸਕੱਤਰ ਚੁਣਿਆ ਗਿਆ ਅਤੇ ਡਾਕਟਰ ਪ੍ਰੇਮ ਸਲੋਹ ਨੂੰ ਸੂਬਾ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ। ਡਾਕਟਰ ਰਜਿੰਦਰ ਸਿੰਘ ਲੱਕੀ ਅਤੇ ਡਾਕਟਰ ਪ੍ਰੇਮ ਸਲੋਹ ਵਲੋਂ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਜੋ ਜਥੇਬੰਦੀ ਵੱਲੋਂ ਉਨ੍ਹਾਂ ਨੂੰ ਮਾਣ ਸਤਿਕਾਰ ਦਿੱਤਾ ਗਿਆ ਉਸ ਹਰ ਹਾਲ ਵਿੱਚ ਨਿਭਾਉਣ ਦੀ ਕੋਸ਼ਿਸ਼ ਕਰਨਗੇ। ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜਿਸ ਦੇ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਹਨ ਉਨ੍ਹਾਂ ਦੀ ਅਗਵਾਈ ਵਿੱਚ ਐਸੋਸੀਏਸ਼ਨ ਨੂੰ ਮਜ਼ਬੂਤ ਕਰਨ ਲਈ ਤਨ ਮਨ ਧਨ ਨਾਲ ਸੇਵਾ ਕਰਨ ਲਈ ਹਮੇਸ਼ਾ ਤਤਪਰ ਰਹਿਣਗੇ।ਇਸ ਸਮੇਂ ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ,ਡਾਕਟਰ ਅਨੂੰਪਿੰਦਰ ਸਿੰਘ, ਡਾਕਟਰ ਅਮ੍ਰਿਤ ਲਾਲ ਫਰਾਲਾ, ਡਾਕਟਰ ਜਤਿੰਦਰ ਸਹਿਗਲ, ਡਾਕਟਰ ਸਤਨਾਮ ਸਿੰਘ ਬਾਜ਼ੀਦ ਪੁਰ, ਡਾਕਟਰ ਸੁਰਿੰਦਰ ਮਹਾਲੋਂ, ਡਾਕਟਰ ਨਿਰਮਲ ਸਿੰਘ, ਡਾਕਟਰ ਜਸਵੀਰ ਸਿੰਘ ਗੜ੍ਹੀ ਅਤੇ ਸਮੂਹ ਬਲਾਕ ਦੇ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪਲਾਸਟਿਕ ਅਤੇ ਥਰਮੋਕੋਲ ਦੇ ਬਣੇ ਬਰਤਨਾਂ ਆਦਿ ਦੀ ਵਰਤੋਂ ਨਾ ਕਰਨ ਸਬੰਧੀ ਕੀਤਾ ਜਾਗਰੂਕ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੰਯੁਕਤ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ ਦੀ ਅਗਵਾਈ ਹੇਠ ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ ਨਾਹਰ ਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਸਿੰਗਲ ਯੂਜ਼ ਪਲਾਸਟਿਕ ਦੀ ਵਿਕਰੀ ਅਤੇ ਵਰਤੋਂ ਸਬੰਧੀ ਚੈਕਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਭਗਤ ਨਗਰ ਵਿਖੇ ਬਾਬਾ ਲਾਲ ਬਾਦਸ਼ਾਹ ਜੀ ਦਾ ਮੇਲਾ ਮਨਾਇਆ ਜਾ ਰਿਹਾ ਹੈ , ਜਿਥੇ ਸਵੱਛ ਭਾਰਤ ਦੀਆਂ ਹਦਾਇਤਾਂ ਮੁਤਾਬਿਕ ਮੇਲਾ ਕਮੇਟੀ ਦੇ ਮੈਂਬਰਾਂ ਨੂੰ ਲੰਗਰਾਂ ਵਾਸਤੇ ਪਲਾਸਟਿਕ ਅਤੇ ਥਰਮੋਕੋਲ ਦੇ ਬਣੇ ਬਰਤਨਾਂ ਆਦਿ ਦੀ ਵਰਤੋਂ ਨਾ ਕਰਨ ਸਬੰਧੀ ਜਾਗਰੂਕ ਕੀਤਾ ਗਿਆ। ਸੈਨੇਟਰੀ ਇੰਸਪੈਕਟਰ ਸਮੇਤ ਉਨ੍ਹਾਂ ਦੀ ਟੀਮ ਵੱਲੋਂ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿਚ ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਪਲਾਸਟਿਕ, ਥਰਮੋਕੋਲ ਦੇ ਬਰਤਨਾਂ ਅਤੇ ਕਿਸੇ ਕਿਸਮ ਦੇ ਸਿੰਗਲ ਯੂਜ਼ ਦੀ ਵਰਤੋਂ ਨਾ ਕੀਤੀ ਜਾਵੇ, ਤਾਂ ਜੋ ਪਲਾਸਟਿਕ, ਥਰਮੋਕੋਲ ਦੇ ਬਰਤਨਾਂ ਆਦਿ ਨਾਲ ਸੀਵਰੇਜ ਦੀ ਬਲੌਕੇਜ ਨਾ ਹੋਵੇ ਅਤੇ ਸ਼ਹਿਰ ਨੂੰ ਪਲਾਸਟਿਕ ਮੁਕਤ ਬਣਾਇਆ ਜਾ ਸਕੇ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਆਪਣੇ ਆਲੇ- ਦੁਆਲੇ ਦੀ ਪੂਰਨ ਤੌਰ 'ਤੇ ਸਫਾਈ ਰੱਖਣ, ਤਾਂ ਜੋ ਆਉਣ ਵਾਲੇ ਬਰਸਾਤੀ ਮੌਸਮ ਵਿਚ ਕਿਸੇ ਤਰ੍ਹਾਂ ਦੀ ਬਿਮਾਰੀ ਨਾ ਫੈਲ ਸਕੇ। ਉਨ੍ਹਾਂ ਲੋਕਾਂ ਨੂੰ ਸ਼ਹਿਰ ਦੀ ਸਫਾਈ ਵਿਵਸਥਾ ਕਾਇਮ ਰੱਖਣ ਵਿਚ ਨਗਰ ਨਿਗਮ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ।

# ਕਾਮਰੇਡ ਰਾਜ ਸਿੰਘ ਮਲੋਟ ਦੇ ਦੇਹਾਂਤ ਨਾਲ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ - ਸੂਬਾ ਕਮੇਟੀ ਇਫਟੂ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਦੀ ਸੂਬਾ ਕਮੇਟੀ ਨੇ ਇਫਟੂ ਦੇ ਸੂਬਾ ਸਕੱਤਰ ਅਤੇ ਕੇਂਦਰੀ ਕਮੇਟੀ ਮੈਂਬਰ ਰਾਜ ਸਿੰਘ ਮਲੋਟ ਦੀ ਮੌਤ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇੱਥੇ ਜਿਕਰਯੋਗ ਹੈ ਕਿ ਰਾਜ ਸਿੰਘ ਮਲੋਟ ਨੂੰ ਲਿਵਰ ਦਾ ਕੈਂਸਰ ਸੀ ਜਿਸ ਦਾ ਪਤਾ ਬਹੁਤ ਲੇਟ ਸਟੇਜ ਉੱਤੇ ਜਾਕੇ ਲੱਗਾ। ਉਹਨਾਂ ਦਾ ਇਲਾਜ ਬਠਿੰਡਾ ਵਿਖੇ ਕੈਂਸਰ ਦੇ ਇਕ ਨਿੱਜੀ ਹਸਪਤਾਲ ਵਿਚ ਚੱਲ ਰਿਹਾ ਸੀ ਜਿੱਥੇ 23ਅਤੇ 24 ਜੂਨ ਦੀ ਦਰਮਿਆਨੀ ਰਾਤ ਨੂੰ ਉਹਨਾਂ ਦਾ ਦੇਹਾਂਤ ਹੋ ਗਿਆ। ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਮੀਤ ਪ੍ਰਧਾਨ ਰਮੇਸ਼ ਰਾਣਾ, ਪ੍ਰੈਸ ਸਕੱਤਰ ਜਸਬੀਰ ਦੀਪ, ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ ਅਤੇ ਖਜਾਨਚੀ ਜੁਗਿੰਦਰਪਾਲ ਗੁਰਦਾਸਪੁਰ ਨੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਕਾਮਰੇਡ ਰਾਜ ਸਿੰਘ ਹੋਣਾ ਦੇ ਤੁਰ ਜਾਣ ਨਾਲ ਪਰਿਵਾਰ ਦੇ ਨਾਲ ਨਾਲ ਟਰੇਡ ਯੂਨੀਅਨ ਲਹਿਰ ਨੂੰ ਵੱਡਾ ਘਾਟਾ ਪਿਆ ਹੈ। ਉਹਨਾਂ ਇਨਕਲਾਬੀ ਟਰੇਡ ਯੂਨੀਅਨ ਲਹਿਰ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਈ। ਉਹਨਾਂ ਨੇ ਗੈਰ ਜਥੇਬੰਦਕ ਮਜਦੂਰਾਂ ਨੂੰ ਜਥੇਬੰਦ ਕੀਤਾ ਅਤੇ ਸੰਘਰਸ਼ਾਂ ਵਿਚ ਪਾਇਆ। ਉਸਾਰੀ ਨਾਲ ਜੁੜੇ ਮਜਦੂਰ ਵਰਗ ਨੂੰ ਜਥੇਬੰਦ ਕਰਕੇ ਉਸਾਰੀ ਮਿਸਤਰੀ ਮਜਦੂਰ ਜਥੇਬੰਦੀ ਖੜੀ ਕੀਤੀ। ਇਸ ਖੇਤਰ ਦੇ ਅਣਗੌਲੇ ਮਜਦੂਰਾਂ ਦੇ ਹੱਕ ਦੁਆਏ। ਸਿਹਤ ਦੇ ਖਰਾਬ ਰਹਿੰਦਿਆਂ ਵੀ ਉਹ ਮਜਦੂਰ ਵਰਗ ਦੇ ਹਿੱਤਾਂ ਲਈ ਸਰਗਰਮ ਭੂਮਿਕਾ ਵਿਚ ਰਹਿੰਦੇ ਸਨ। ਇਫਟੂ ਦੇ ਸੂਬਾ ਕਮੇਟੀ ਮੈਂਬਰਾਂ ਜਗਸੀਰ ਮੁਕਤਸਰ, ਦਲੀਪ ਕੁਮਾਰ ਫਾਜਿਲਕਾ, ਰਾਮ ਕਿਸ਼ਨ ਮੁਕਤਸਰ, ਸੁਖਦੇਵ ਗੁਰਦ-ਾਸਪੁਰ, ਤਰਸੇਮ ਜੱਟ ਪੁਰ ਅਤੇ ਸ਼੍ਰੀਨਾਥ ਪਟਿਆਲਾ ਨੇ ਵੀ ਉਹਨਾਂ ਦੀ ਮੌਤ ਉੱਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

# ਸ਼ਹੀਦ ਊਧਮ ਸਿੰਘ ਕ੍ਰਿਕਟ ਕਲੱਬ ਹਰਿਆਣਾ ਨੇ ਡਗਾਣਾ ਕ੍ਰਿਕਟ ਗਰਾਊਂਡ ਵਿਖੇ ਟੂਰਨਾਮੈਂਟ ਦੌਰਾਨ ਜਿੱਤ ਪ੍ਰਾਪਤ ਕੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੀਜ਼ਨ-1 ਟੂਰਨਾਮੈਂਟ ਚੈਂਪੀਅਨ ਕ੍ਰਿਕਟ ਲੀਗ ਵੱਲੋਂ ਕੈਡਨ ਬੀ ਕ੍ਰਿਕਟ ਗਰਾਊਂਡ ਡਗਾਨਾ, ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ। ਇਸ ਮੌਕੇ ਸ਼ਹੀਦ ਊਧਮ ਸਿੰਘ ਕ੍ਰਿਕਟ ਕਲੱਬ ਹਰਿਆਣਾ ਅਤੇ ਸਕਾਰਪੀਅਨ ਕ੍ਰਿਕਟ ਕਲੱਬ ਹੁਸ਼ਿਆਰਪੁਰ ਵਿਚਕਾਰ ਟੂਰਨਾਮੈਂਟ ਖੇਡਿਆ ਗਿਆ। ਟੂਰਨਾਮੈਂਟ ਦੌਰਾਨ ਸ਼ਹੀਦ ਊਧਮ ਸਿੰਘ ਕ੍ਰਿਕਟ ਕਲੱਬ ਹਰਿਆਣਾ ਨੇ ਸ਼ਾਨਦਾਰ ਬੱਲੇਬਾਜ਼ੀ ਨਾਲ 200 ਦੌੜਾਂ ਬਣਾਈਆਂ ਅਤੇ ਜਵਾਬ ਵਿੱਚ ਸਕਾਰਪੀਅਨ ਕ੍ਰਿਕਟ ਕਲੱਬ ਨੇ 164 ਦੌੜਾਂ ਬਣਾਈਆਂ। ਇਸੇ ਤਰ੍ਹਾਂ ਸ਼ਹੀਦ ਊਧਮ ਸਿੰਘ ਹਰਿਆਣਾ ਕਲੱਬ ਨੇ ਸ਼ਾਨਦਾਰ ਪ੍ਰਦਰਸ਼ਨ ਨਾਲ ਇਹ ਮੈਚ ਜਿੱਤਿਆ। ਇਸ ਮੌਕੇ ਗੌਰਵ ਸ਼ਰਮਾ ਅਤੇ ਮਿਤੇਸ਼ ਬਾਂਸਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਖਿਡਾਰੀਆਂ ਨਾਲ ਜਾਣ-ਪਛਾਣ ਕਰਵਾਈ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਗੌਰਵ ਸ਼ਰਮਾ ਨੇ ਕਿਹਾ ਕਿ ਪ੍ਰਬੰਧਕਾਂ ਵੱਲੋਂ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ ਜਿਸ ਨਾਲ ਨੌਜਵਾਨਾਂ ਦੀ ਖੇਡਣ ਪ੍ਰਤੀ ਰੁਚੀ ਵਧੇਗੀ ਅਤੇ ਨਸ਼ਿਆਂ ਤੋਂ ਬਚਿਆ ਜਾ ਸਕੇਗਾ। ਮੈਨੇਜਰ ਮੈਂਬਰ ਮਨੀਸ਼ ਦੁੱਗਲ, ਹਿਤੇਸ਼




ਬਾਂਸਲ, ਨਵਤੇਜ ਸਿੰਘ, ਅੰਕੁਸ਼ ਵਸ਼ਿਸ਼ਟ, ਰਣਜੀਤ ਸਹੋਤਾ, ਪਿੰਕੂ ਸ਼ਰਮਾ ਆਦਿ ਇਸ ਮੌਕੇ ਮੌਜੂਦ ਸਨ। ਇਸ ਮੌਕੇ ਮੁੱਖ ਮਹਿਮਾਨਾਂ ਅਤੇ ਪ੍ਰਬੰਧਕਾਂ ਨੇ ਜੇਤੂ ਟੀਮ ਨੂੰ 11 ਹਜ਼ਾਰ ਅਤੇ ਉਪ ਜੇਤੂ ਟੀਮ ਨੂੰ 7100 ਟਰਾਫੀਆਂ ਨਾਲ ਸਨਮਾਨਿਤ ਕੀਤਾ। ਇਸ ਮੌਕੇ 'ਤੇ ਮੈਨ ਆਫ਼ ਦ ਸੀਰੀਜ਼ ਨੂੰ 1500, ਬੈਸਟ ਗੇਂਦਬਾਜ਼ੀ ਨੂੰ 1100 ਅਤੇ ਬੈਸਟ ਬੱਲੇਬਾਜ਼ੀ ਨੂੰ 1100 ਰੁਪਏ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਸ਼ੂਤੋਸ਼ ਸ਼ਰਮਾ, ਹਰਜੀਤ ਸਿੰਘ, ਵਿਜੇ ਗੱਟਾ, ਤਿਲਕ ਰਾਜ, ਦੀਪਕ ਰਾਹੁਲ, ਸੰਜੇ, ਮੋਨਾ, ਇਮਾਪਾਇਰ ਚੰਦਰ ਸ਼ੇਖਰ ਨੇ ਸਹਿਯੋਗ ਦਿੱਤਾ।

# ਪੋਲਿੰਗ ਸਟੇਸ਼ਨਾਂ 'ਤੇ ਦਿਵਿਆਂਗ ਵੋਟਰਾਂ ਦੀ ਸਹੂਲਤ ਲਈ ਲੋੜੀਂਦੇ ਪ੍ਰਬੰਧ ਅਮਲ 'ਚ ਲਿਆਂਦੇ ਜਾਣ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫਸਰ ਅੰਕੁਰਜੀਤ ਸਿੰਘ ਦੇ ਨਿਰਦੇਸ਼ਾਂ 'ਤੇ ਵੋਟਾਂ ਦੌਰਾਨ ਪੋਲਿੰਗ ਸਟੇਸ਼ਨਾਂ ਵਿਖੇ ਜਿਲ੍ਹੇ ਦੇ ਸਮੂਹ ਦਿਵਿਆਂਗ ਵੋਟਰਾਂ ਨੂੰ ਸੁਚੱਜਾ ਅਤੇ ਸੁਖਾਵਾਂ ਮਾਹੌਲ ਮੁਹੱਈਆ ਕਰਵਾਉਣ ਦੇ ਮੱਦੇਨਜਰ ਜਿਲ੍ਹਾ ਪੱਧਰੀ ਮੋਨਿਟਰਿੰਗ ਕਮੇਟੀ ਨੂੰ ਪੋਲਿੰਗ ਸਟੇਸ਼ਨਾਂ 'ਤੇ ਹਰ ਲੋੜੀਂਦੀ ਸਹੂਲਤ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜਿਲ੍ਹਾ ਚੋਣ ਅਫਸਰ ਰਾਜੀਵ ਵਰਮਾ ਨੇ ਕਿਹਾ ਕਿ ਦਿਵਿਆਂਗ ਵੋਟਰਾਂ ਨੂੰ ਪੋਲਿੰਗ ਸਟੇਸ਼ਨਾਂ 'ਤੇ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣੀ ਚਾਹੀਦੀ। ਉਨ੍ਹਾਂ ਕਿਹਾ ਕਿ ਪੋਲਿੰਗ ਸਟੇਸ਼ਨਾਂ ਨੂੰ ਦਿਵਿਆਂਗ ਵੋਟਰਾਂ ਦੀ ਸਹੂਲਤ ਅਨੁਸਾਰ ਬਣਾਇਆ ਜਾਵੇ ਤਾਂ ਜੋ ਉਹ ਆਸਾਨੀ ਨਾਲ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ। ਉਨ੍ਹਾਂ ਨੇ ਬੀ.ਐਲ.ਓਜ਼ ਨੂੰ ਹਦਾਇਤ ਕੀਤੀ ਕਿ ਵੋਟਰ ਸੂਚੀ ਵਿੱਚ ਦਿਵਿਆਂਗ ਵੋਟਰਾਂ ਦੀ ਜਾਣਕਾਰੀ ਦੇ ਨਾਲ-ਨਾਲ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਦੱਸਿਆ ਜਾਵੇ । ਉਨ੍ਹਾਂ ਦੱਸਿਆ ਕਿ ਜਿਲ੍ਹਾ



ਪ੍ਰਸ਼ਾਸ਼ਨ ਵੱਲੋਂ ਜਿਲ੍ਹਾ ਪੱਧਰ ਤੇ ਮੋਨਿਟਰਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਦੀ ਜਿੰਮੇਵਾਰੀ ਜਿਲ੍ਹੇ ਦੇ ਦਿਵਿਆਂਗ ਵੋਟਰਾਂ ਲਈ ਪੋਲਿੰਗ ਸਟੇਸ਼ਨਾਂ ਤੇ ਸੁਖਾਵਾਂ ਮਾਹੌਲ ਸਥਾਪਤ ਕਰਨਾ ਹੈ। ਰਾਜੀਵ ਵਰਮਾ ਨੇ ਕਿਹਾ ਕਿ ਵੋਟਾਂ ਵਾਲੀ ਥਾਂ 'ਤੇ ਰੈਂਪ, ਵ੍ਹੀਲ ਚੇਅਰ ਦਾ ਪ੍ਰਬੰਧ ਰੱਖਣ ਦੇ ਨਾਲ-ਨਾਲ ਉਨ੍ਹਾਂ ਦੀ ਸਹੂਲਤ ਲਈ ਵਲੰਟੀਅਰ ਤੈਨਾਤ ਕਰਨ ਲਈ ਵੀ ਵਿਸ਼ੇਸ ਧਿਆਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਬੂਥ ਲੈਵਲ ਅਧਿਕਾਰੀ ਸਬੰਧਤ ਵੋਟਰਾਂ ਦੀ ਇਲਾਕਿਆਂ ਵਿੱਚ ਦਿਵਿਆਂਗ ਵੋਟਰਾਂ ਲਈ ਉਪਲਬਧ ਸਹੂਲਤਾਂ ਬਾਰੇ ਵੋਟਰਾਂ ਨੂੰ ਅਗਾਂਊਂ ਸੂਚਿਤ ਕਰਨ ਤਾਂ ਜੋ ਉਹ ਇਨ੍ਹਾਂ ਸਹੂਲਤਾਂ ਦਾ ਲਾਭ ਲੈ ਸਕਣ। ਮੀਟਿੰਗ ਦੌਰਾਨ ਵਧੀਕ ਜਿਲ੍ਹਾ ਚੋਣ ਅਫਸਰ ਰਾਜੀਵ ਵਰਮਾ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਬੂਥ ਲੈਵਲ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਜਾ ਚੁੱਕੀ ਹੈ ਜਿਨ੍ਹਾਂ ਨੂੰ ਆਈ.ਆਈ.ਡੀ.ਐਮ. ਨਵੀਂ ਦਿੱਲੀ ਵੱਲੋਂ 2 ਜੁਲਾਈ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ। ਉਨ੍ਹਾਂ ਨੇ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਇਸ ਟ੍ਰੇਨਿੰਗ ਲਈ ਲੋੜੀਂਦੀਆਂ ਨੂੰ ਸਮੇਂ ਸਿਰ ਅੰਤਿਮ ਰੂਪ ਦਿੱਤਾ ਜਾਵੇ ਤਾਂ ਜੋ ਇਸ ਉਪਰੰਤ ਹਲਕਾ ਪੱਧਰ 'ਤੇ ਵੀ ਟ੍ਰੇਨਿੰਗ ਦੌਰਾਨ ਕੋਈ ਪਰੇਸ਼ਾਨੀ ਨਾ ਆਵੇ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਲਈ 25 ਬੀ.ਐਲ.ਓਜ਼ ਨੂੰ ਪਾਬੰਦ ਕੀਤਾ ਜਾਵੇ ਜਿਸ ਉਪਰੰਤ 3 ਜੁਲਾਈ ਤੋਂ 17 ਜੁਲਾਈ ਤੱਕ ਹਲਕਾ ਪੱਧਰ 'ਤੇ ਈ.ਆਰ.ਓਜ਼ ਦੀ ਨਿਗਰਾਨੀ ਹੇਠ ਟ੍ਰੇਨਿੰਗ ਹੋਵੇਗੀ। ਇਸ ਮੌਕੇ ਐਸ.ਡੀ.ਐਮ. ਅਨਮਜੋਤ ਕੌਰ, ਬਲਾਚੌਰ ਦੇ ਐਸ.ਡੀ.ਐਮ. ਇੰਦਰਪਾਲ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮੰਡੀ ਦੇ ਠੇਕੇਦਾਰਾਂ ਵੱਲੋਂ ਆਮ ਲੋਕਾਂ ਦੀ ਕੱਟੀ ਜਾ ਰਹੀ ਪਰਚੀ ਦੇ ਸਬੰਧ ਵਿੱਚ ਬਸਪਾ ਵਫ਼ਦ ਮੰਡੀ ਬੋਰਡ ਦੇ ਚੇਅਰਮੈਨ ਨੂੰ ਮਿਲਿਆ



**ਹੁਸ਼ਿਆਰਪੁਰ (ਚਰਨਜੀਤ ਸੱਲ੍ਹਾਂ)** ਮੰਡੀ ਦੇ ਠੇਕੇਦਾਰਾਂ ਵੱਲੋਂ ਆਮ ਲੋਕਾਂ ਦੀ ਕੱਟੀ ਜਾ ਰਹੀ ਪਰਚੀ ਦੇ ਸੰਬੰਧ ਵਿੱਚ ਬਸਪਾ ਦਾ ਵਫ਼ਦ ਮੰਡੀ ਬੋਰਡ ਦੇ ਚੇਅਰਮੈਨ ਸ਼੍ਰੀ ਜਸਪਾਲ ਚੇਚੀ ਨੂੰ ਮਦਨ ਸਿੰਘ ਬੈਂਸ ਦੀ ਅਗਵਾਈ ਵਿੱਚ ਮਿਲਿਆ । ਜਿਸ ਵਿਚ ਸੁਖਦੇਵ ਬਿੱਟਾ ਸਕੱਤਰ ਬਸਪਾ ਪੰਜਾਬ, ਸੁਰਜੀਤ ਮਹਿਮੀ ਪ੍ਰਧਾਨ ਵਿਧਾਨ ਸਭਾ ਹੁਸ਼ਿਆਰਪੁਰ, ਡਾ. ਰਤਨ ਚੰਦ ਜਿਲਾ ਸੈਕਟਰੀ ,ਕਿਸ਼ੋਰੀ ਲਾਲ ਸੈਕਟਰੀ ਵਿਧਾਨ ਸਭਾ ਅੱਤੇ ਰਮੇਸ਼ ਪਟਵਾਰੀ , ਹਰਭਜਨ ਭੱਟੀ, ਸੁਖਦੇਵ ਬਸੀ ਖਵਾਜੂ,ਦਿਨੇਸ਼ ਕੁਮਾਰ ਪੱਪੂ ਸਤੀਸ਼ ਪਾਲ.ਹਾਜ਼ਿਰ ਸੀ। ਇਸ ਮੌਕੇ ਤੇ ਚੇਅਰਮੈਨ ਸਾਹਿਬ ਨੇ ਕੁਝ ਸਮੱਸਿਆ ਮੌਕੇ ਤੇ ਹੱਲ ਕੀਤੀਆ ਤੇ ਕੁਝ ਸਮੱਸਿਆਵਾਂ ਇੱਕ ਹਫ਼ਤੇ ਦੇ ਅੰਦਰ ਅੰਦਰ ਹੱਲ ਕਰਨ ਦਾ ਭਰੋਸਾ ਦਿੱਤਾ।

# ਹੋਂਦ ਚਿੱਲੜ ਦੇ ਪੀੜਤ ਪਰਿਵਾਰਾਂ ਨੂੰ ਸਪੈਸ਼ਲ ਇਨਵੈਸਟੀਕੇਸ਼ਨ ਟੀਮ ਬਣਾ ਕੇ ਦਿੱਤਾ ਜਾਵੇ ਇਨਸਾਫ : ਭਾਈ ਘੋਲੀਆ

## ਹਰਿਆਣਾ ਦੇ ਮੁੱਖ ਮੰਤਰੀ ਨੂੰ ਲਈ ਲਿਖਿਆ ਮੰਗ ਪੱਤਰ

**ਨਵੀਂ ਦਿੱਲੀ/ਮੋਗਾ**

ਹੋਦ ਚਿੱਲੜ ਸਿੱਖ ਇਨਸਾਫ਼ ਕਮੇਟੀ ਵੱਲੋਂ 1984 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਨਵਾਂ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਇਸ ਬਾਰੇ ਕਮੇਟੀ ਦੇ ਪ੍ਰਧਾਨ ਭਾਈ ਦਰਸਨ ਸਿੰਘ ਘੋਲੀਆ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਬਲਜਿੰਦਰ ਸਿੰਘ ਲੂੰਬਾ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਪੱਤਰ ਭੇਜ ਕੇ ਮੰਗ ਕੀਤੀ ਗਈ ਹੈ

ਇਨ੍ਹਾਂ ਨੇ ਪੱਤਰਕਾਰ ਵਾਹਦ ਦੀਦਾਵਰ ਨਾਲ ਗੱਲਬਾਤ ਵਿਚ ਦੱਸਿਆ ਕਿ ਹੋਦ ਚਿੱਲੜ ਸਮੇਤ ਗੁੜਗਾਉਂ, ਪਟੌਦੀ, ਮਹਿੰਦਰਗੜ ਦੇ 1984 ਕਤਲੇਆਮ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਸਪੈਸ਼ਲ ਇਨਵੈਸਟੀਕੇਸ਼ਨ ਟੀਮ ਦਾ ਗਠਨ ਕੀਤਾ ਜਾਵੇ।

ਇਸ ਮੌਕੇ ਦਰਸਨ ਸਿੰਘ ਘੋਲੀਆ ਨੇ ਦੱਸਿਆ ਕਿ 2 ਨਵੰਬਰ 1984 ਨੂੰ ਹੋਦ ਚਿੱਲੜ ਵਿਖੇ 32 ਸਿੱਖਾਂ ਨੂੰ ਬੇਰਹਿਮੀ ਨਾਲ ਮਾਰ ਕੇ ਉਨ੍ਹਾਂ



ਦੀਆਂ ਲਾਸ਼ਾਂ ਨੂੰ ਖੂਹ ਵਿੱਚ ਸੁੱਟ ਦਿੱਤਾ ਗਿਆ ਸੀ, ਜਦਕਿ ਗੁੜਵਾਉ, ਪਟੌਦੀ ਅਤੇ ਗੂੜਾ ਮਹਿੰਦਰਗੜ ਵਿਖੇ ਕਰੀਬ 385 ਘਰਾਂ ਨੂੰ ਲੁੱਟ ਪੁੱਟ ਕੇ ਸਿੱਖਾਂ ਦੀਆਂ ਫੈਕਟਰੀਆਂ ਸਮੇਤ ਅੱਗ ਦੇ ਭੇੜ ਚਾੜ ਦਿੱਤਾ ਸੀ ਅਤੇ 47 ਬੱਚਿਆਂ ਬੀਬੀਆਂ ਨੌਜਵਾਨਾਂ ਬਜ਼ੁਰਗਾਂ ਸਮੇਤ ਉਹਨਾਂ ਦੇ ਪਰਿਵਾਰਾਂ ਸਾਹਮਣੇ ਵਹਿਸੀਆਨਾ ਜਾਲਮਾਂ ਦੀ ਭੀੜ ਨੇ ਦਾਤਰਾਂ ਅਤੇ ਰਾਡਾ ਨੂੰ ਮਾਰ ਕੇ ਸ਼ਹੀਦ ਕਰ ਦਿੱਤਾ । ਉਨ੍ਹਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਹੋਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਉਪਰਾਲੇ ਸਦਕਾ ਹਾਈਕੋਰਟ ਵੱਲੋਂ ਟੀ ਪੀ ਗਰਗ ਕਮਿਸਨ ਬਣਾਇਆ ਗਿਆ ਸੀ ਜਿਸ ਨੇ 4 ਸਾਲ ਤੱਕ ਹਿਸਾਰ ਵਿਖੇ ਪੀੜਤ ਪਰਿਵਾਰਾਂ ਦੀਆਂ ਗਵਾਹੀਆਂ ਸਣੇ ਸਾਰੀ ਕਾਰਵਾਈ ਚਲਾਈ ਪਰ ਨਤੀਜਾ ਨਾ ਹੋਇਆ। ਕਮਿਸਨ ਵੱਲੋਂ ਸਿਫਾਰਸ਼ਾਂ ਦੇ ਬਾਵਜੂਦ ਦੋਸ਼ੀਆਂ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਕਮਿਸਨ ਵੱਲੋਂ ਦਿੱਤਾ ਗਿਆ ਮੁਆਵਜ਼ਾ – ਲਗਭਗ 22 ਕਰੋੜ 60 ਲੱਖ ਰੁਪਏ – ਕੇਵਲ "ਮਲਮ ਪੱਟੀ" ਦਾ ਕੰਮ ਤਾਂ ਕਰ ਗਿਆ ਪਰ ਇਨਸਾਫ ਅਜੇ ਤੱਕ ਵੀ ਨਹੀਂ ਮਿਲਿਆ।

ਦਰਸਨ ਸਿੰਘ ਘੋਲੀਆ ਨੇ ਇਹ ਵੀ ਕਿਹਾ ਕਿ ਜਿਵੇਂ ਯੂਪੀ, ਦਿੱਲੀ ਅਤੇ ਮੱਧ ਪ੍ਰਦੇਸ਼ ਵਿੱਚ 1984 ਕਤਲੇਆਮ ਦੇ ਕੇਸ ਦੁਬਾਰਾ ਖੋਲ੍ਹ ਕੇ ਸੱਜਣ ਕੁਮਾਰ ਵਰਗਿਆਂ ਨੂੰ ਸਜ਼ਾਵਾਂ ਹੋਈਆਂ, ਉਸੀ ਤਰ੍ਹਾਂ ਹਰਿਆਣਾ ਵਿੱਚ ਵੀ ਦੋਸ਼ੀਆਂ ਖਿਲਾਫ ਮੁਕੱਦਮੇ ਰੀਓਪਨ ਕਰਕੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਸਨ।

ਕਿਉਂਕਿ ਬਿਰਧ ਵਾਸਤਾ ਬੈਠੇ ਪੀੜਤ ਪਰਿਵਾਰ 41 ਸਾਲਾ ਬਾਅਦ ਵੀ ਨਿਆ ਦੀ ਉਡੀਕ ਵਿੱਚ ਹਨ ਅਤੇ ਕਈ ਪੀੜਤ ਪੀੜਤ ਅੱਜ ਵੀ ਗਹਿਰੇ ਸਦਮੇ ਵਿੱਚ ਹਨ ਉਨ੍ਹਾਂ ਨੇ ਸਾਵਧਾਨ ਕਰਦੇ ਹੋਏ ਕਿਹਾ ਕਿ ਜੇ ਹਰਿਆਣਾ ਸਰਕਾਰ ਸਪੈਸ਼ਲ ਖੋਜੀ ਟੀਮ ਦੀ ਸਥਾਪਨਾ ਨਹੀਂ ਕਰਦੀ ਤਾਂ ਇਹ ਮਾਮਲਾ ਸੁਪਰੀਮ ਕੋਰਟ ਵਿੱਚ ਲਿਜਾਇਆ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਨੁਮਾਇੰਦੇ ਗੁਰਦਿਆਲ ਸਿੰਘ ਫੌਜੀ ਅਤੇ ਪੀੜਤ ਕਰਨੈਲ ਸਿੰਘ ਕੁਰੂਕਸ਼ੇਤਰ ਵੀ ਹਾਜ਼ਰ ਸਨ। ਉਨ੍ਹਾਂ ਨੇ ਵੀ ਮੰਗ ਕੀਤੀ ਕਿ ਦੂਜੇ ਸੂਬਿਆਂ ਦੀ ਤਰਜ ਤੇ ਹਰਿਆਣਾ ਦੇ ਪੀੜਤਾਂ ਨੂੰ ਇਨਸਾਫ਼ ਮਿਲੇ।

# ਮਾਤਾ ਸੰਤੋਸ਼ ਬਾਲਾ ਦਾ ਸੁਭਾਅ ਮਨੁੱਖੀ ਸੇਵਾ ਕਾਰਜ ਸਮਾਜ ਲਈ ਪ੍ਰੇਰਨਾ ਸਰੋਤ ਹੋਵੇਗਾ - ਸੰਜੀਵ ਅਰੋੜਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅੱਖਾਂ ਦਾਨ ਅਤੇ ਸਰੀਰ ਦਾਨ ਪ੍ਰਤੀ ਜਾਗਰੂਕਤਾ ਵਧਾਉਣਾ ਕੋਰਨੀਅਲ ਅੰਨ੍ਹੇਪਣ ਨੂੰ ਦੂਰ ਕਰਨ ਲਈ ਪੀੜਤਾਂ ਨੂੰ ਨਵੀਂ ਰੌਸ਼ਨੀ ਦੇਣ ਅਤੇ ਡਾਕਟਰੀ ਵਿਗਿਆਨ ਨੂੰ ਉਤਸ਼ਾਹਿਤ ਕਰਨ ਲਈ ਸਭ ਤੋਂ ਵਧੀਆ ਚੀਜ਼ ਹੈ। ਜਿੱਥੇ ਬਹੁਤ ਸਾਰੇ ਲੋਕਾਂ ਨੂੰ ਰੌਸ਼ਨੀ ਮਿਲ ਰਹੀ ਹੈ, ਉੱਥੇ ਮੌਤ ਤੋਂ ਬਾਅਦ ਸਰੀਰ ਦਾਨ ਮੈਡੀਕਲ ਪ੍ਰੈਕਟੀਕਲ ਦੀ ਪੜ੍ਹਾਈ ਕਰ ਰਹੇ ਬੱਚਿਆਂ ਦੀ ਮਦਦ ਕਰਦਾ ਹੈ। ਇਹ ਗੱਲ ਰੋਟਰੀ ਆਈ ਬੈਂਕ ਅਤੇ ਕੌਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਦੇ ਪ੍ਰਧਾਨ ਅਤੇ ਮੁਖੀ ਸੰਜੀਵ ਅਰੋੜਾ ਨੇ ਕਹੀ। ਸ੍ਰੀ ਅਰੋੜਾ ਨੇ ਦੱਸਿਆ ਕਿ 70 ਸਾਲਾ ਮਾਊਂਟ ਐਵੇਨਿਊ ਨਿਵਾਸੀ ਮਾਂ ਸੰਤੋਸ਼ ਬਾਲਾ ਦਾ ਧਰਤੀ ਦਾ ਸਰੀਰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਸਮੇਤ ਇਕਬਾਲ ਸਿੰਘ (ਪਤੀ), ਬਲਜਿੰਦਰ ਸਿੰਘ (ਪੁੱਤਰ), ਰਾਜਿੰਦਰ ਕੌਰ (ਨੂੰਹ), ਡਾ. ਮਾਲਵਿੰਦਰ ਸਿੰਘ (ਪੁੱਤਰ), ਗੁਰਿੰਦਰ ਕੌਰ (ਨੂੰਹ), ਆਨੰਦਨ ਸਿੰਘ, ਮਨਮੋਹਿਤ ਸਿੰਘ (ਪੋਤਾ) ਗੁਰਨਾਮ ਕੌਰ (ਪੋਤੀ) ਨੇ ਮੈਡੀਕਲ ਕਾਲਜ ਪਟਿਆਲਾ ਲਈ ਰੋਟਰੀ



ਆਈ ਬੈਂਕ ਰਾਹੀਂ ਦਾਨ ਕੀਤਾ। ਇਸ ਮੌਕੇ ਸੰਜੀਵ ਅਰੋੜਾ ਨੇ ਪਰਿਵਾਰ ਦਾ ਕਰੋੜਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਤਾ ਸੰਤੋਸ਼ ਬਾਲਾ ਦਾ ਇਹ ਫੈਸਲਾ ਸਮਾਜ ਲਈ ਪ੍ਰੇਰਨਾ ਹੈ ਅਤੇ ਅੱਜ ਦੇ ਸਮੇਂ ਵਿੱਚ ਇਹ ਸੱਚੀ ਮਨੁੱਖੀ ਸੇਵਾ ਹੈ, ਸ਼੍ਰੀ ਅਰੋੜਾ ਨੇ ਕਿਹਾ ਕਿ ਅੱਖਾਂ ਦਾਨ ਅਤੇ ਸਰੀਰ ਦਾਨ ਮੌਤ ਤੋਂ ਬਾਅਦ ਕੀਤਾ ਜਾਣ ਵਾਲਾ ਦਾਨ ਹੈ। ਸਮਾਜ ਵਿੱਚ ਜਾਗਰੂਕਤਾ ਇਸ ਲਈ ਸਭ ਤੋਂ ਵਧੀਆ ਸਰੋਤ ਹੈ। ਸਵਰਗੀ ਮਾਤਾ ਸੰਤੋਸ਼ ਬਾਲਾ ਵੱਲੋਂ ਸਰੀਰ ਦੇ ਦਾਨ ਦੇ ਨਾਲ-ਨਾਲ ਵੱਖ-ਵੱਖ ਮੈਡੀਕਲ ਕਾਲਜਾਂ ਨੂੰ ਡਾਕਟਰੀ ਖੋਜ ਲਈ 25 ਧਰਤੀ ਦੇ ਸਰੀਰ ਦਾਨ ਕੀਤੇ ਗਏ ਹਨ। ਕਿਉਂਕਿ ਮੈਡੀਕਲ ਸਾਇੰਸ ਦੀ ਪੜ੍ਹਾਈ ਕਰ ਰਹੇ ਬੱਚੇ ਮਨੁੱਖੀ ਸਰੀਰ ਦੀ ਖੋਜ ਨੂੰ ਵਧਾਉਣ ਵਿੱਚ ਸਫਲ ਹੋਣਗੇ। ਕਿਉਂਕਿ ਇੱਕ ਨਕਲੀ ਸਰੀਰ ਦੀ ਖੋਜ ਕਰਨ ਅਤੇ ਇੱਕ ਵਿਅਕਤੀ ਦੇ ਸਰੀਰ ਦੀ ਖੋਜ ਕਰਨ ਵਿੱਚ ਬਹੁਤ ਅੰਤਰ ਹੈ। ਇਸੇ ਲਈ ਸਮਾਜ ਵੱਲੋਂ ਅੱਖਾਂ ਦਾਨ ਅਤੇ ਸਰੀਰ ਦਾਨ ਲਈ ਜਾਗਰੂਕਤਾ ਫੈਲਾਈ ਜਾ ਰਹੀ ਹੈ।

ਇਸ ਮੌਕੇ ਚੇਅਰਮੈਨ ਜੇ. ਬੀ. ਬਹਿਲ ਅਤੇ ਸਕੱਤਰ ਵੀਨਾ ਚੋਪੜਾ ਨੇ ਪਰਿਵਾਰ ਨੂੰ ਇਸ ਪੁੰਨ ਦੇ ਕੰਮ ਲਈ ਸਲਾਮ ਕੀਤਾ ਅਤੇ ਇਸਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਰੋਤ ਦੱਸਿਆ ਅਤੇ ਕਿਹਾ ਕਿ ਸਮਾਜ ਨੇ ਹੁਣ ਤੱਕ ਅੰਨ੍ਹੇਪਣ ਦਾ ਸ਼ਿਕਾਰ 4117 ਲੋਕਾਂ ਨੂੰ ਰੌਸ਼ਨੀ ਪ੍ਰਦਾਨ ਕੀਤੀ ਹੈ।

# ਨਸ਼ਿਆਂ ਦੇ ਮਾਮਲੇ ਵਿੱਚ ਸਰਕਾਰ ਕਿਸੇ ਨੂੰ ਵੀ ਨਹੀਂ ਬਖਸ਼ੇਗੀ- ਮੰਤਰੀ ਧਾਲੀਵਾਲ

## ਸਰਕਾਰ ਧੱਕੇ ਨਾਲ ਵਿਰੋਧੀਆਂ ਨੂੰ ਨਹੀਂ ਝੁਕਾ ਸਕਦੀ ਨਾ ਝੁਕਾਂਗੇ– ਬੀਬੀ ਬਾਦਲ

**ਬਲਬੀਰ ਸਿੰਘ ਬੱਬੀ**

ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੇ ਵਿਸ਼ੇਸ਼ ਤੌਰ ਉੱਤੇ ਯੁੱਧ ਨਸ਼ਿਆਂ ਵਿਰੁੱਧ ਚਲਾਇਆ ਹੋਇਆ ਹੈ। ਤਿੰਨ ਮਹੀਨੇ ਤੋਂ ਉੱਪਰ ਦੇ ਸਮੇਂ ਦੌਰਾਨ ਸਮੁੱਚੇ ਪੰਜਾਬ ਦੇ ਵਿੱਚੋਂ ਨਸ਼ੇ ਨਾਲ ਸੰਬੰਧਿਤ ਅਨੇਕਾਂ ਵਿਅਕਤੀਆਂ ਨੂੰ ਫੜਿਆ ਗਿਆ ਹੈ ਨਸ਼ੇ ਦੀ ਬਰਾਮਦਗੀ ਹੋਈ ਹੈ ਕਈਆਂ ਨੂੰ ਜੇਲ ਭੇਜਿਆ ਗਿਆ ਹੈ ਤੇ ਕਈਆਂ ਦੇ ਘਰ ਤੱਕ ਢਾਹੇ ਗਏ ਹਨ ਜਦੋਂ ਇਹ ਕਾਰਵਾਈ ਚੱਲ ਰਹੀ ਸੀ ਤਾਂ ਕਈ ਸਿਆਸੀ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਅਕਸਰ ਇਹੀ ਬਿਆਨ ਆਉਂਦਾ ਸੀ ਕਿ ਉਹੀ ਸਰਕਾਰ ਛੋਟੇ ਮੋਟੇ ਨਸ਼ਾ ਕਰਨ ਵਾਲਿਆਂ ਨੂੰ ਫੜ ਰਹੀ ਹੈ। ਵੱਡੇ ਮਗਰਮੱਛਾਂ ਨੂੰ ਹੱਥ ਨਹੀਂ ਪਾ ਰਹੀ। ਇਹ ਜੋ ਯੁੱਧ ਨਸ਼ਿਆਂ ਵਿਰੁੱਧ ਲੜਿਆ ਜਾ ਰਿਹਾ ਹੈ ਇਸ ਵਿੱਚ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਚਾਹੇ ਕੋਈ ਵੱਡਾ ਹੋਵੇ ਚਾਹੇ ਕੋਈ ਛੋਟਾ ਇਹ ਸ਼ਬਦ ਅੱਜ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪ੍ਰੈਸ ਕਾਨਫਰੰਸ ਦੌਰਾਨ ਉਸ ਵੇਲੇ ਸਾਂਝੇ ਕੀਤੇ ਜਦੋਂ ਅਕਾਲੀ ਆਗੂ ਬਿਕਰਮਜੀਤ ਸਿੰਘ ਮਜੀਠੀਆ ਨੂੰ ਅੱਜ ਹਿਰਾਸਤ ਵਿੱਚ ਲੈਣ ਦਾ ਮਾਮਲਾ ਭਖਿਆ। ਇਸ ਸਬੰਧੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਲੰਬੀਆਂ ਚੌੜੀਆਂ ਗੱਲਾਂ ਕਰਦਿਆਂ ਹੋਇਆਂ ਕਿਹਾ ਕਿ ਜਗਦੀਸ਼ ਭੋਲੇ ਨੇ ਕਾਫੀ ਸਮਾਂ ਪਹਿਲਾਂ ਨਸ਼ਿਆਂ ਦੇ ਮਾਮਲੇ ਵਿੱਚ ਬਿਕਰਮਜੀਤ ਮਜੀਠੀਆ ਦਾ ਨਾਮ ਲਿਆ ਉਸ ਉਪਰ ਕੈਪਟਨ ਅਮਰਿੰਦਰ ਸਿੰਘ ਨੇ ਕੋਈ ਕਾਰਵਾਈ ਨਹੀਂ ਕੀਤੀ ਅਕਾਲੀਆਂ ਨੇ ਤਾਂ ਕਰਨੀ ਹੀ ਕੀ ਸੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜਰੂਰ ਜਾਂਦੇ ਜਾਂਦੇ ਇਹ ਕਾਰਵਾਈ ਕਰਕੇ ਗਏ ਤੇ ਹੁਣ ਸਾਡੀ ਸਰਕਾਰ



ਨੇ ਜੋ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਹੋਇਆ ਹੈ ਉਸ ਤਹਿਤ ਜਿਵੇਂ ਜਿਵੇਂ ਵੀ ਨਾਮ ਜਾਂ ਕੋਈ ਹੋਰ ਕਾਰਵਾਈ ਸਾਹਮਣੇ ਆ ਰਹੀ ਹੈ ਤਾਂ ਉਹਨਾਂ ਉੱਪਰ ਕਾਰਵਾਈ ਹੋ ਰਹੀ ਹੈ ਤੇ ਅੱਜ ਬਿਕਰਮਜੀਤ ਸਿੰਘ ਮਜੀਠੀਆ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਸ ਦੇ ਉੱਪਰ ਆਮਦਨ ਨਾਲੋਂ ਵੱਧ ਪੈਸੇ ਇਕੱਠੇ ਤੇ ਜਾਇਦਾਦਾਂ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਇਲਾਵਾ ਬਿਕਰਮਜੀਤ ਸਿੰਘ ਮਜੀਠੀਆ ਦੇ ਘਰੋਂ ਵੱਡੀ ਗਿਣਤੀ ਵਿੱਚ ਮੋਬਾਇਲ ਲੈਪਟਾਪ ਡਾਇਰੀਆਂ ਆਦਿ ਫੜੀਆਂ ਹੋਈਆਂ ਹਨ ਜਿਸ





ਦੀ ਦੇਖ ਰੇਖ ਵਿਜੀਲੈਂਸ ਵਿਭਾਗ ਕਰ ਰਿਹਾ ਹੈ। ਵਿਰੋਧੀਆਂ ਵੱਲੋਂ ਬਿਕਰਮਜੀਤ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਸਬੰਧੀ ਬਿਆਨਬਾਜੀ ਦਾ ਜਵਾਬ ਦਿੰਦਿਆਂ ਧਾਲੀਵਾਲ ਨੇ ਕਿਹਾ ਕਿ ਨਸ਼ਿਆਂ ਦੇ ਮਾਮਲੇ ਦੇ ਉੱਪਰ ਚਾਹੀਦਾ ਤਾਂ ਇਹ ਸੀ ਕਿ ਸਰਕਾਰ ਨੂੰ ਵਿਰੋਧੀ ਪਾਰਟੀਆਂ ਦੇ ਲੋਕ ਸਹਿਯੋਗ ਦਿੰਦੇ ਪਰ ਹੋ ਉਲਟ ਰਿਹਾ ਹੈ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਵਿਰੋਧੀ ਪਾਰਟੀਆਂ ਵਾਲੇ ਬਹੁਤੇ ਆਗੂ ਨਸ਼ਿਆਂ ਦੇ ਮਾਮਲੇ ਉੱਪਰ ਹੋਈ ਕਾਰਵਾਈ ਨੂੰ ਗਲਤ ਦਰਸਾ ਰਹੇ ਹਨ। ਜੋ ਕਿ ਬਿਲਕੁਲ ਘਟੀਆ ਤੇ ਗਲਤ ਗੱਲ ਹੈ।

**ਸਰਕਾਰ ਵਿਰੋਧੀਆਂ ਨੂੰ ਪੁਲਿਸ ਰਾਹੀਂ ਦਬਾਉਣਾ ਚਾਹੁੰਦੀ ਹੈ ਅਸੀਂ ਨਹੀਂ ਦਬਾਂਗੇ-ਬੀਬਾ ਬਾਦਲ**

ਅੱਜ ਅਕਾਲੀ ਆਗੂ ਬਿਕਰਮਜੀਤ ਸਿੰਘ ਮਜੀਠੀਆ ਦੀ ਗਿਰਫਤਾਰੀ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਇੱਕਦਮ ਨਵੀਂ ਚਰਚਾ ਛਿੜ ਗਈ ਬਿਕਰਮਜੀਤ ਸਿੰਘ ਮਜੀਠੀਆ ਦੀ ਗਿਰਫਤਾਰੀ ਨੂੰ ਗਲਤ ਕਰਾਰ ਦਿੰਦਿਆਂ ਹੋਇਆਂ ਬਠਿੰਡਾ ਤੋਂ ਲੋਕ ਸਭਾ ਮੈਂਬਰ ਤੇ ਅਕਾਲੀ ਆਗੂ ਬਿਕਰਮਜੀਤ ਸਿੰਘ ਮਜੀਠੀਆ ਦੀ ਭੈਣ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਸਰਕਾਰ ਦੇ ਇਸ਼ਾਰੇ ਉੱਤੇ ਪੁਲਿਸ ਵੱਲੋਂ ਧੱਕੇਸ਼ਾਹੀ ਨਾਲ ਬਿਕਰਮ ਦੀ ਕੀਤੀ ਹੋਈ ਗਿਰਫਤਾਰੀ ਨੂੰ ਬਿਲਕੁਲ ਗਲਤ ਦੱਸਿਆ ਬੀਬਾ ਬਾਦਲ ਨੇ ਕਿਹਾ ਕਿ ਬਿਕਰਮਜੀਤ ਸਿੰਘ ਕੱਲੇ ਹੀ ਸਰਕਾਰ ਵਿਰੁੱਧ ਵਿਰੋਧੀ ਧਿਰ ਦਾ ਕੰਮ ਕਰ ਰਹੇ ਹਨ। ਉਹ ਸਰਕਾਰ ਦੇ ਗਲਤ ਕੰਮਾਂ ਦੀ ਨੁਕਤਾ ਚੀਨੀ ਕਰਦੇ ਹਨ ਸਰਕਾਰ ਵਿਰੋਧੀਆਂ ਦੀ ਆਵਾਜ਼ ਨੂੰ ਦਬਾਉਣ ਲਈ ਬਹੁਤ ਹੱਥ ਗਲਤ ਹੱਥਕੰਡੇ ਅਪਣਾ ਰਹੀ ਹੈ। ਪੁਲਿਸ ਰਾਹੀਂ ਵਿਰੋਧੀਆਂ ਦੀ ਗ੍ਰਿਫਤਾਰੀ ਨੂੰ ਦਬਾਉਣ ਦਾ ਯਤਨ ਕਰ ਰਹੀ ਪੰਜਾਬ ਸਰਕਾਰ ਸਾਨੂੰ ਕਦੇ ਵੀ ਦਬਾਅ ਨਹੀਂ ਸਕਦੀ ਅਸੀਂ ਅਤੇ ਅਕਾਲੀ ਦਲ ਦੇ ਵਰਕਰ ਇਕੱਤਰ ਹੋ ਕੇ ਸਰਕਾਰ ਵਿਰੁੱਧ ਹਰ ਤਰ੍ਹਾਂ ਦਾ ਸੰਘਰਸ਼ ਕਰਨ ਲਈ ਤਿਆਰ ਹਾਂ। ਬੀਬੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਤਾਂ ਰਬੜ ਦੀ ਮੋਹਰ ਬਣ ਗਿਆ ਹੈ ਸਭ ਕੁਝ ਦਿੱਲੀ ਤੋਂ ਹਾਰੇ ਅਰਵਿੰਦ ਕੇਜਰੀਵਾਲ ਤੇ ਉਸ ਦੀ ਜੁੰਡਲੀ ਕਰ ਰਹੀ ਹੈ। ਪੰਜਾਬ ਸਰਕਾਰ ਦੇ ਮੰਤਰੀ ਸ਼ੰਤਰੀ ਤੇ ਪੰਜਾਬ ਪੁਲਿਸ ਉਹਨਾਂ ਦੇ ਹੁਕਮਾਂ ਅਨੁਸਾਰ ਹੀ ਕੰਮ ਕਰ ਰਹੀ ਹੈ। ਉਹਨਾਂ ਕੇਜਰੀਵਾਲ ਉੱਤੇ ਵਰਦਿਆ ਕਿਹਾ ਕਿ ਇਹ ਇਹੀ ਕੇਜਰੀਵਾਲ ਹੈ ਜਿਸ ਨੇ ਪਹਿਲਾਂ ਬਿਕਰਮਜੀਤ ਸਿੰਘ ਮਜੀਠੀਆ ਤੋਂ ਨਸ਼ਿਆਂ ਦੇ ਮਾਮਲੇ ਵਿੱਚ ਮੁਆਫੀ ਵੀ ਮੰਗੀ ਹੈ। ਬੀਬੀ ਬਾਦਲ ਨੇ ਕਿਹਾ ਕਿ ਇਸ ਕੇਸ ਦੇ ਵਿੱਚੋਂ ਨਿਕਲਣਾ ਹੁਣ ਵੀ ਕੁਝ ਨਹੀਂ ਸਰਕਾਰ ਵਿਰੋਧੀਆਂ ਨੂੰ ਬਦਨਾਮ ਕਰਨ ਦੇ ਰਾਹ ਤੁਲੀ ਹੋਈ ਹੈ।

# ਰਿਪੋਰਟਰ ਐਸੋਸ਼ੀਏਸ਼ਨ ਪੰਜਾਬ (ਰਜਿ.) ਦੀ ਸਮੁੱਚੀ ਟੀਮ ਨੇ ਜ਼ਿਲ੍ਹਾ ਜਲੰਧਰ ਦੇ ਭੋਗਪੁਰ ਵਿੱਚ ਇੱਕ ਹੰਗਾਮੀ ਮੀਟਿੰਗ ਦੌਰਾਨ ਸੀਨੀਅਰ ਪੱਤਰਕਾਰ ਰਵਿੰਦਰ ਭੋਗਲ ਨੂੰ ਜ਼ਿਲ੍ਹਾ ਲੁਧਿਆਣਾ ਦਾ ਪ੍ਰਧਾਨ ਨਿਯੁਕਤ ਕੀਤਾ

● ਰਿਪੋਰਟਰ ਐਸੋਸ਼ੀਏਸ਼ਨ ਪੰਜਾਬ (ਰਜਿ.) ਹੰਗਾਮੀ ਮੀਟਿੰਗ ਦੌਰਾਨ ਸਰਦਾਰ ਸਤਿੰਦਰ ਸਿੰਘ ਰਾਜਾ ਨੂੰ ਸਰਬ ਸੰਮਤੀ ਨਾਲ ਚੌਥੀ ਵਾਰ ਪ੍ਰਧਾਨ ਨਿਯੁਕਤ ਕੀਤਾ ਗਿਆ ● ਰਿਪੋਰਟਰ ਐਸੋਸ਼ੀਏਸ਼ਨ ਪੰਜਾਬ (ਰਜਿ.) ਹੰਗਾਮੀ ਮੀਟਿੰਗ ਦੌਰਾਨ ਚੋਣ ਹੋਈ ਮੁਕੰਮਲ

**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਜਲੰਧਰ ਦੇ ਭੋਗਪੁਰ ਵਿੱਚ ਹੰਗਾਮੀ ਮੀਟਿੰਗ ਦੋਰਾਨ ਲੁਧਿਆਣਾ ਤੋਂ ਰਿਪੋਰਟਰ ਐਸੋਸ਼ੀਏਸ਼ਨ ਪੰਜਾਬ (ਰਜਿ.) ਦੀ ਸਮੁੱਚੀ ਟੀਮ ਨੇ ਲੁਧਿਆਣਾ ਤੋਂ ਐਡੀਟਰ ਇਨ ਚੀਫ ਰਵਿੰਦਰ ਭੋਗਲ ਲੁਧਿਆਣਾ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਪੱਤਰਕਾਰ ਭਾਈਚਾਰੇ ਨੇ ਸਰਬ ਸੰਮਤੀ ਨਾਲ ਜਿੱਥੇ ਸਤਵਿੰਦਰ ਸਿੰਘ ਰਾਜਾ ਨੂੰ ਚੌਥੀ ਵਾਰ ਆਪਣਾ ਪ੍ਰਧਾਨ ਚੁਣਿਆ ਗਿਆ। ਉਥੇ ਹੀ ਰਿਪੋਰਟਰ ਐਸੋਸ਼ੀਏਸ਼ਨ ਪੰਜਾਬ (ਰਜਿ.) ਦੇ ਪੰਜਾਬ ਕਨਵੀਨਰ ਵਜੋਂ ਵਿਪਨ ਸੋਨੀ ਜੀ, ਜਲੰਧਰ ਦੂਰਦਰਸ਼ਨ ਟੀ.ਵੀ ਤੋਂ ਡਾ. ਕੁਲਵਿੰਦਰ ਮਹੇ ਜੀ ਨੂੰ ਚੇਅਰਮੈਨ ਤੇ ਜਤਿੰਦਰ ਸੋਢੀ ਜੀ ਨੂੰ ਜਨਰਲ ਸਕੱਤਰ ਅਤੇ ਲੁਧਿਆਣਾ ਤੋਂ ਰਵਿੰਦਰ ਭੋਗਲ ਜੀ ਨੂੰ ਐਸੋਸੀਏਸ਼ਨ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਰਿਪੋਰਟਰ ਐਸੋਸ਼ੀਏਸ਼ਨ ਪੰਜਾਬ (ਰਜਿ.) ਵਲੋਂ ਜ਼ਿਲ੍ਹਿਆਂ ਦੇ ਵੱਖ ਵੱਖ ਪ੍ਰਧਾਨਾ ਨੂੰ ਵੀ ਨਿਯੁਕਤ ਕੀਤਾ ਗਿਆ। ਪ੍ਰਧਾਨ ਸਤਿੰਦਰ ਸਿੰਘ ਰਾਜਾ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਪੱਤਰਕਾਰਤਾ ਦਾ ਮਿਆਰ ਦਿਨੋ ਦਿਨ ਡਿੱਗਦਾ ਜਾ ਰਿਹਾ ਹੈ ਇਸ ਦਾ ਕਾਰਨ ਇਹ ਹੈ ਕਿ ਨਵੇਂ ਨਵੇਂ ਪੱਤਰਕਾਰ ਬਗੈਰ ਕਿਸੀ ਜਾਣਕਾਰੀ ਤੋਂ ਪੱਤਰਕ-ਾਰਤਾ ਦੇ ਸੱਚੇ ਸੁੱਚੇ ਪੇਸ਼ੇ ਵਿੱਚ ਆ ਜਾਂਦੇ ਹਨ। ਜਿਸ ਨਾਲ ਅੱਜ ਦੇ ਸਮੇਂ ਅਸਲ ਪੱਤਰਕਾਰ ਬਦਨਾਮ ਹੁੰਦੇ ਜਾ ਰਹੇ ਹਨ। ਉਹਨਾਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਇਹ



ਵੀ ਕਿਹਾ ਕਿ ਪੰਜਾਬ ਸਰਕਾਰ ਨੂੰ ਰਿਪੋਰਟਰ ਐਸੋਸੀਏਸ਼ਨ ਪੰਜਾਬ (ਰਜਿ.) ਨਵੀਂ ਮੀਡੀਆ ਪੋਲਸੀ ਤੇ ਟੀ.ਵੀ ਮੀਡੀਆ ਤੇ ਅਖਬਾਰੀ ਪ੍ਰਿੰਟ ਮੀਡੀਆ ਅਤੇ ਵੈਬ ਪੋਰਟਲ ਚੈਨਲਾਂ ਦੇ ਪੱਤਰਕਾਰਾਂ ਦੇ ਉਥਾਨ ਲਈ ਜਲਦ ਹੀ ਮੌਜੂਦਾ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮਿਲਿਆ ਜਾਵੇਗਾ ਤੇ ਸੂਬਾ ਸਰਕਾਰ ਨਾਲ ਮਿਲ ਕੇ ਪੱਤਰਕਾਰਾਂ ਲਈ ਨਵੀਂ ਮੀਡੀਆ ਪੋਲਸੀ ਲਿਆਂਦੀ ਜਾਵੇਗੀ। ਦੂਜੇ ਪਾਸੇ ਜਿਲਾ ਲੁਧਿਆਣੇ ਦੇ ਦਬੰਗ ਕੇਸਰੀ ਸਮਾਚਾਰ ਪੱਤਰ ਬਿਊਰੋ ਚੀਫ ਤੇ ਸੀ•ਈ•ਓ/ ਐਡੀਟਰ ਇਨ ਚੀਫ਼ ਅਤੇ ਸੀਨੀਅਰ ਪੱਤਰਕਾਰ ਰਵਿੰਦਰ ਭੋਗਲ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ ਸਭ ਤੋਂ ਪਹਿਲਾਂ ਸਾਨੂੰ ਗੁਰੂਆਂ ਨੇ ਪੀਰਾਂ ਤੇ ਪੈਗੰਬਰਾਂ ਨੇ ਹੀ ਪੱਤਰਕਾਰਤਾ ਕਰਨੀ ਸਿਖਾਈ ਹੈ ਕਿਉਂਕਿ ਗੁਰਬਾਣੀ ਦੇ ਫਲਸਫੇ ਅਨੁਸਾਰ ਗੁਰੂ ਸਾਹਿਬਾਨਾਂ ਨੇ ਗੁਰਮੁਖੀ ਲਿਪੀ ਅਨੁਸਾਰ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਖੋਲ ਖੋਲ ਕੇ ਸਮਝਾਇਆ ਹੈ ਕਿ ਕਿਸ ਤਰਾਂ "ਸੱਚੇ ਮਾਰਗ ਚਲਿਆ, ਉਸਤਤ ਕਰੇ ਜਹਾਨ, ਸੱਚੀ ਤੇ ਪਵਿੱਤਰ ਪਾਵਰ ਵਿੱਚ ਹੁੰਦੇ ਹੋਏ ਵੀ ਸਾਨੂੰ ਮਨੁੱਖਤਾ ਦੀ ਸੇਵਾ ਲਈ ਹਰ ਪ੍ਰਕਾਰ ਦੇ ਯਤਨ ਕਰਨੇ ਚਾਹੀਦੇ ਹਨ ਉਹਨਾਂ ਇਹ ਵੀ ਕਿਹਾ ਕਿ ਜਦੋਂ ਅਸੀਂ ਕਿਸੇ ਨੂੰ ਕੁਝ ਦੇਣਾ ਸਿੱਖ ਜਾਂਦੇ ਹਾਂ ਤਾਂ ਸਾਨੂੰ ਉਸ ਅਕਾਲ ਪੁਰਖ ਤੋਂ ਕਦੀ ਵੀ ਮੰਗਣ ਦੀ ਲੋੜ ਨਹੀਂ ਪੈਂਦੀ ਤੇ ਅਕਾਲ ਪੁਰਖ ਆਪ ਨਾਲ ਹੋ ਕੇ ਮਨੁੱਖਤਾ ਦੇ ਕੰਮ ਸਾਡੇ ਕੋਲ ਸਵਾਰ ਲੈਂਦਾ ਹੈ। ਜਿਸ ਤਰ੍ਹਾਂ ਗੁਰਬਾਣੀ ਵਿੱਚ ਲਿਖਿਆ ਹੈ ਕਿ "ਸੰਤਾਂ ਦੇ ਕਾਰਜ਼ ਆਪ ਖਲੋਇਆ, ਕੰਮ ਕਰਾਵਣ ਆਇਆ ਰਾਮ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਲੁਧਿਆਣਾ ਪ੍ਰਧਾਨ ਰਵਿੰਦਰ ਭੋਗਲ ਨੇ ਕਿਹਾ ਕਿ ਪੱਤਰਕਾਰੀ ਇੱਕ ਪੈਸਾ ਕਮਾਉਣ ਦਾ ਜਰੀਆ ਨਹੀਂ ਹੈ ਨਾ ਹੀ ਪ੍ਰੈਸ ਕਾਰਡ ਬਣਾ ਕੇ ਪੰਜਾਬ ਪੁਲਿਸ ਤੋਂ ਬਚਣ ਦਾ ਸਹੀ ਤਰੀਕਾ ਹੈ ਬਲਕਿ ਆਪਣੀ ਕਲਮ ਨਾਲ ਸਮਾਜ ਨੂੰ ਨਵੀਂ ਸੇਧ ਦੇਣਾ ਹੈ ਜਿਸ ਨਾਲ ਪੰਜਾਬ ਵਾਸੀਆਂ ਦਾ ਭਵਿੱਖ ਹੋਰ ਸੁਖਾਲਾ ਹੋ ਸਕੇ। ਤਾਂ ਜੋ ਰਹਿੰਦੀ ਦੁਨੀਆਂ ਤੱਕ ਪੱਤਰਕਾਰੀ ਦੇ ਪਵਿੱਤਰ ਪੇਸ਼ੇ ਨੂੰ ਬਚਾਇਆ ਜਾ ਸਕੇ ਜੀ।

# ਪਾਵਰਕੌਮ ਟਰਾਸਕੋ ਆਉਟਸੋਰਸ ਵਰਕਰ ਯੂਨੀਅਨ ਏਟਕ ਪੰਜਾਬ ਦੀ ਡਾਇਰੈਕਟਰ ਨਾਲ ਹੋਈ ਮੀਟਿੰਗ:- ਹਰਵਿੰਦਰ ਸ਼ਰਮਾ

**ਫ਼ਰੀਦਕੋਟ** ।ਕੱਲ੍ਹ ਮਿਤੀ 24-06-2025 ਨੂੰ ਪਾਵਰਕੌਮ ਟਰਾਸਕੋ ਆਉਟਸੋਰਸ ਵਰਕਰ ਯੂਨੀਅਨ ਏਟਕ ਪੰਜਾਬ ਦੀ ਮੀਟਿੰਗ ਬਾਅਦ ਦੁਪਹਿਰ 03:30 ਵਜ਼ੇ ਤੋਂ 04:30 ਵਜ਼ੇ ਤੱਕ ਸ਼੍ਰੀ ਹੀਰਾ ਲਾਲ ਮਾਨਯੋਗ ਡਾਇਰੈਕਟਰ/ਐਚ ਆਰ ਪੀਐਸਪੀਸੀਐਲ, ਸ੍ਰੀ ਰਣਬੀਰ ਸਿੰਘ, ਮੈਨੇਜ਼ਰ/ਆਈ ਆਰ, ਮੁੱਖ ਦਫ਼ਤਰ ਪਟਿਆਲਾ ਵਿਖੇ ਹੋਈ , ਪਾਵਰਕੌਮ ਟਰਾਸਕੋ ਆਊਟਸੋਰਸ ਵਰਕਰ ਯੂਨੀਅਨ ਏਟਕ ਪੰਜਾਬ ਦੇ ਸੂਬਾ ਪ੍ਰਧਾਨ ਹਰਵਿੰਦਰ ਸ਼ਰਮਾ ਫਰੀਦਕੋਟ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮੰਗ ਪੱਤਰ ਵਿੱਚ ਦਰਜ਼ ਲੜੀਵਾਰ ਮੰਗਾਂ ਨੂੰ ਲੈ ਕੇ ਵਿਸਥਾਰ-ਪੂਰਵਕ ਵਿਚਾਰ-ਚਰਚਾ ਕੀਤੀ ਗਈ । ਕੁੱਝ ਇਹਨਾਂ ਮੰਗਾਂ ਵਿੱਚੋਂ ਜਿਵੇ ਮਹਿਕਮੇ ਵਿੱਚ ਮਰਜ ਕਰਕੇ ਪੱਕੇ ਕਰਨ ਸਬੰਧੀ ਗੱਲਬਾਤ ਹੋਈ । ਜਿਸ ਵਿੱਚ ਡਾਇਰੈਕਟਰ ਸਾਹਿਬ ਵੱਲੋਂ ਕਿਹਾ ਗਿਆ ਕਿ ਪੈਸਕੋ ਮੁਲਾਜ਼ਮਾਂ ਨੂੰ ਮਹਿਕਮੇ ਵਿੱਚ ਮਰਜ ਕਰਨ ਲਈ ਬਿਜਲੀ ਬੋਰਡ ਵੱਲੋਂ ਅਗਲੇ ਮਹੀਨੇ ਆ ਰਹੀ ਬੀ ਓ ਡੀ ਦੀ ਮੀਟਿੰਗ ਵਿੱਚ ਇਜੰਡਾ ਲਗਾ ਦਿੱਤਾ ਜਾਵੇਗਾ ਮੀਟਿੰਗ ਵਿੱਚ ਜੋ ਵੀ ਸਿੱਟਾ ਨਿਕਲੇਗਾ ਉਸ ਦੇ ਵਿਹਾਰ ਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

ਦੂਸਰੀ ਤਨਖਾਹ ਵਿੱਚ ਵਾਧਾ ਕਰਨ ਸਬੰਧੀ ਗੱਲਬਾਤ ਕੀਤੀ ਗਈ । ਜਿਸ ਵਿੱਚ ਦੱਸਿਆ ਗਿਆ ਸੀ ਕਿ ਤਨਖਾਹ ਵਿੱਚ 10% ਵਾਧਾ ਅਤੇ 5% ਹਰ ਸਾਲ ਤਨਖਾਹ ਵਿੱਚ ਹੋਇਆ ਕਰੇਗਾ ਜੋ ਕਿ 01-04-2025 ਤੋ ਲਾਗੂ ਕਰ ਦਿੱਤਾ ਗਿਆ ਹੈ ਜਿਸ ਨੂੰ ਜਥੇਬੰਦੀ ਦੇ ਆਗੂਆਂ ਵੱਲੋਂ ਨਕਾਰਿਆ ਗਿਆ ਹੈ ਅਤੇ ਮੈਨੇਜਮੈਟ ਵੱਲੋ ਇਸ ਵਿੱਚ ਵਾਧਾ ਕਰਨ ਦਾ ਭਰੋਸਾ ਦਿਵਾਇਆ ਗਿਆ ਅਤੇ ਜੋ ਡੀਸੀ ਰੇਟ ਵਿੱਚ ਵਾਧਾ ਕੀਤਾ ਗਿਆ ਸੀ ਉਹ ਵੀ 01-04-2025 ਤੋ ਲਾਗੂ ਹੋ ਚੁੱਕਾ ਹੈ ਅਤੇ ਮਿਨੀਮਮ ਵੇਜ ਸਨਿਓਰਟੀ ਵਾਈਜ ਮਿਲੇਗਾ ਤੀਸਰੀ ਮੰਗ ਓਵਰ ਟਾਈਮ ਉਹਨਾਂ ਵੱਲੋ ਕਿਹਾ ਗਿਆ ਹੈ ਕਿ ਓਵਰ ਟਾਈਮ ਲਾਗੂ ਹੋ ਚੁੱਕਾ ਹੈ ਹੈ ਜੋ ਕਿ ਜਲਦੀ ਦਿੱਤਾ ਜਾਵੇਗਾ ਤੇ ਬਾਕੀ ਭੱਤੇ ਰਿਸਕ ਅਲਾਉਂਸ ਸ਼ਿਫਟ ਅਲਾਉਂਸ ਮੋਬਾਇਲ ਭੱਤਾ ਬੀ ਓ ਡੀ ਦੀ ਮੀਟਿੰਗ ਬਿਠਾ ਕੇ ਇਜੰਡਾ ਲਗਾ ਕੇ ਲਾਗੂ ਕਰ ਦਿੱਤਾ ਜਾਵੇਗਾ।

ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਹਰਵਿੰਦਰ ਸ਼ਰਮਾ,ਜਨਰਲ ਸਕੱਤਰ ਹਰਵਿੰਦਰ ਸਿੰਘ ਹੈਪੀ,ਮੁੱਖ ਸਲਾਹਕਾਰ ਰਮਨਦੀਪ ਸਿੰਘ ਮੋਗਾ ਮੁੱਖ ਸਲਾਹਕਾਰ ਮਨਦੀਪ ਸ਼ਰਮਾਂ,ਸੀਨੀਅਰ ਮੀਤ ਪ੍ਰਧਾਨ ਰਾਮ ਦੋਲਾਰ ਚੋਹਾਨ ,ਮੀਤ ਪ੍ਰਧਾਨ ਮਨਦੀਪ ਸਿੰਘ ਪਟਿਆਲਾ,ਵਧੀਕ ਜਨਰਲ ਸਕੱਤਰ ਬਬਲੀ ਬਾਹਰੀ ਪਟਿਆਲਾ ,ਵਿੱਤ ਸਕੱਤਰ ਹਰਦੀਪ ਸਿੰਘ ਰਾਜਲਾ ਸਹਾਇਕ ਵਿੱਤ ਸਕੱਤਰ ਸੁਖਵੀਰ ਸਿੰਘ ਸੁੱਖਾ ਲਾਲਤੋ ,ਪ੍ਰੈੱਸ ਸਕੱਤਰ ਜਗਦੀਪ ਸਿੰਘ ਧਾਲੀਵਾਲ ਮਾਨਸਾ ਸ਼ਾਮਲ ਹੋਏ।





# ਢਾਹਾਂ ਕਲੇਰਾਂ ਹਸਪਤਾਲ ਵਿਖੇ ਯੂਰੋਲੌਜੀ ਵਿਭਾਗ ਵਿਚ ਗੁਰਦਿਆਂ ਦੀਆਂ ਬਿਮਾਰੀਆਂ, ਪੱਥਰੀਆਂ ਤੇ ਪਿਸ਼ਾਬ ਦੇ ਰੋਗਾਂ ਦਾ 15 ਦਿਨਾਂ ਫਰੀ ਚੈੱਕਅੱਪ ਕੈਂਪ ਮਿਤੀ 1 ਜੁਲਾਈ ਤੋਂ

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਯੂਰੋਲੌਜੀ ਵਿਭਾਗ ਵਿਚ ਗੁਰਦਿਆਂ ਦੀਆਂ ਬਿਮਾਰੀਆਂ ਦਾ, ਪੱਥਰੀਆਂ ਦਾ ਅਤੇ ਪਿਸ਼ਾਬ ਦੇ ਰੋਗਾਂ ਦਾ 15 ਦਿਨਾਂ ਫਰੀ ਚੈੱਕਅੱਪ ਕੈਂਪ ਮਿਤੀ 01 ਜੁਲਾਈ ਦਿਨ ਮੰਗਲਵਾਰ ਨੂੰ ਸਵੇਰੇ 9 ਵਜੇ ਆਰੰਭ ਹੋ ਰਿਹਾ ਹੈ । ਇਹ ਜਾਣਕਾਰੀ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਪ੍ਰੈੱਸ ਨੂੰ ਦਿੱਤੀ । ਸ. ਢਾਹਾਂ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਇਲਾਕੇ ਦੇ ਲੋੜਵੰਦ ਮਰੀਜ਼ਾਂ ਦੀ ਸਹੂਲਤ ਲਈ ਸਥਾਪਿਤ ਕੀਤੇ ਯੂਰੋਲੌਜੀ ਵਿਭਾਗ ਵਿਚ 01 ਜੁਲਾਈ 2025 ਤੋਂ 15 ਜੁਲਾਈ 2025 ਤੱਕ ਲਗਾਏ ਜਾ ਰਹੇ 15 ਦਿਨਾਂ ਫਰੀ ਚੈੱਕਅੱਪ ਕੈਂਪ ਵਿਚ ਗੁਰਦਿਆਂ ਦੀਆਂ ਪੱਥਰੀਆਂ, ਗਦੂਦਾਂ ਦੀਆਂ ਬਿਮਾਰੀਆਂ, ਪਿਸ਼ਾਬ ਦੀਆਂ ਬਿਮਾਰੀਆਂ, ਗੁਰਦਿਆਂ ਦੀਆਂ ਬਿਮਾਰੀਆਂ ਦਾ, ਮਰਦਾਨਾ ਕਮਜ਼ੋਰੀ, ਪਿਸ਼ਾਬ ਦੀ ਥੈਲੀ (ਬਲੈਡਰ) ਦੇ ਕੈਂਸਰ ਦੇ ਮਰੀਜ਼ਾਂ ਅਤੇ ਪੇਟ ਦੇ ਹੇਠਲੇ ਹਿੱਸੇ ਜਾਂ ਵੱਖੀ ਵਿਚ ਦਰਦਾਂ ਦੀ ਬਿਮਾਰੀਆਂ ਦਾ ਫਰੀ ਚੈੱਕਅੱਪ ਹਸਪਤਾਲ ਦੇ ਯੂਰੋਲੌਜੀ ਮਾਹਿਰ ਡਾਕਟਰ ਡਾ. ਅਮਿਤ ਸੰਧੂ ਐਮ.ਐਸ., ਐਮ.ਸੀ.ਐਚ. ਵੱਲੋਂ ਰੋਜ਼ਾਨਾ 9 ਵਜੇ ਤੋਂ 1 ਵਜੇ ਤੱਕ ਕੀਤਾ ਜਾਵੇਗਾ । ਕੈਂਪ ਦੌਰਾਨ ਮਰੀਜ਼ਾਂ ਦੀ ਰਜਿਟਰੇਸ਼ਨ ਮੁਫਤ ਹੋਵੇਗੀ ਅਤੇ ਅਲਟਰਾ ਸਾਊਂਡ ਸਕੈਨ ਸਿਰਫ 300/- ਰੁਪਏ ਵਿਚ ਕੀਤਾ ਜਾਵੇਗਾ । ਇਸ ਤੋਂ ਇਲ-ਾਵਾ ਕੈਂਪ ਮਰੀਜ਼ਾਂ ਨੂੰ ਹਸਪਤਾਲ ਵੱਲੋਂ ਲੈਬ ਟੈਸਟ ਜਿਵੇਂ ਪੀ ਐਸ ਏ, ਆਰ ਐਫ ਟੀ, ਸੀ ਬੀ ਸੀ ਅਤੇ ਪਿਸ਼ਾਬ ਦੇ ਟੈਸਟਾਂ ਵਿਚ 50 ਫੀਸਦੀ ਛੋਟ ਦਿੱਤੀ ਜਾ ਰਹੀ ਹੈ । ਇਸ ਮੌਕੇ ਲੋੜਵੰਦ ਮਰੀਜ਼ਾਂ ਦੇ ਅਪਰੇਸ਼ਨ ਵੀ ਰਿਆਇਤੀ ਦਰਾਂ ਵਿਚ ਕੀਤੇ ਜਾਣਗੇ । ਉਹਨਾਂ ਨੇ ਸਮੂਹ ਇਲਾਕਾ ਨਿਵਾਸੀ ਲੋੜਵੰਦ ਮਰੀਜ਼ਾਂ ਨੂੰ 1 ਜੁਲਾਈ ਤੋਂ ਆਰੰਭ ਹੋ ਰਹੇ 15 ਦਿਨਾਂ ਗੁਰਦਿਆਂ ਦੀਆਂ ਬਿਮਾਰੀਆਂ, ਪੱਥਰੀਆਂ ਤੇ ਪਿਸ਼ਾਬ ਦੇ ਰੋਗਾਂ ਦੇ ਫਰੀ ਚੈੱਕਅੱਪ ਕੈਂਪ ਦਾ ਲਾਭ ਉਠਾਉਣ ਦੀ ਅਪੀਲ ਕੀਤੀ । ਇਸ ਮੌਕੇ ਸ. ਜੋਗਿੰਦਰ ਸਿੰਘ ਸਾਧੜਾ ਸੀਨੀਅਰ ਮੀਤ ਪ੍ਰਧਾਨ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਸੀਨੀਅਰ ਯੂਰੋਲੋਜਿਸਟ ਡਾ. ਅਮਿਤ ਸੰਧੂ ਐਮ ਐਸ, ਐਮ ਸੀ ਐਚ(ਯੂਰੋਲੌਜੀ) ਅਤੇ ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ ਵੀ ਹਾਜ਼ਰ ਸਨ ।

**ਕੈਂਪ ਦੌਰਾਨ ਅਲਟਰਾ ਸਾਊਂਡ ਸਕੈਨ ਸਿਰਫ 300/- ਰੁਪਏ ਵਿਚ ਅਤੇ ਲੈਬ ਟੈਸਟ ਪੀ ਐਸ ਏ, ਆਰ ਐਫ ਟੀ, ਸੀ ਬੀ ਸੀ, ਪਿਸ਼ਾਬ ਦੇ ਟੈਸਟਾਂ ਵਿਚ 50% ਛੋਟ।**




# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕੀਤਾ ਲੰਮੇ ਤੋਂ ਸੰਧਵਾਂ ਲਿੰਕ ਸੜਕ ਦੇ ਨਿਰਮਾਣ ਕਾਰਜ ਦਾ ਸ਼ੁਭ ਆਰੰਭ

**25 ਸਾਲਾਂ ਦੀ ਉਡੀਕ ਹੋਈ ਖ਼ਤਮ, 51 ਲੱਖ ਦੀ ਲਾਗਤ ਨਾਲ ਬਣੇਗੀ 1.30 ਕਿਲੋਮੀਟਰ ਪੱਕੀ ਸੜਕ**



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸ਼ਾਮ ਚੁਰਾਸੀ ਵਿਧਾਨ ਸਭਾ ਹਲਕੇ ਵਿਚ ਵਿਕਾਸ ਕਾਰਜਾਂ ਨੂੰ ਹੁਲਾਰਾ ਦਿੰਦੇ ਹੋਏ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਪਿੰਡ ਲੰਮੇ ਤੋਂ ਪਿੰਡ ਸੰਧਮਾ ਨੂੰ ਜੋੜਨ ਵਾਲੀ ਲਿੰਕ ਸੜਕ ਦੇ ਨਿਰਮਾਣ ਕਾਰਜ ਦਾ ਰਸਮੀ ਉਦਘਾਟਨ ਕੀਤਾ। ਇਹ ਸੜਕ ਲੱਗਭਗ 1.30 ਕਿਲੋਮੀਟਰ ਲੰਬੀ ਹੋਵੇਗੀ ਅਤੇ ਇਸ ਦੇ ਨਿਰਮਾਣ 'ਤੇ ਕੁੱਲ 51 ਲੱਖ ਰੁਪਏ ਦੀ ਲਾਗਤ ਆਵੇਗੀ।

ਇਸ ਮੌਕੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪੇਂਡੂ ਖੇਤਰਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਅਧੂਰੇ ਪ੍ਰੋਜੈਕਟਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸੜਕ ਕਈ ਸਾਲਾਂ ਤੋਂ ਕੱਚੀ ਸੀ ਅਤੇ ਬਰਸਾਤ ਦੇ ਮੌਸਮ ਵਿਚ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਸ ਸੜਕ ਦੇ ਪੱਕੇ ਹੋਣ ਨਾਲ, ਨਾ ਸਿਰਫ਼ ਆਵਾਜਾਈ ਆਸਾਨ ਹੋ ਜਾਵੇਗੀ, ਸਗੋਂ ਕਾਰੋਬ-ਾਰ, ਸਿੱਖਿਆ ਅਤੇ ਸਿਹਤ ਸੇਵਾਵਾਂ ਤੱਕ ਪਹੁੰਚ ਵੀ ਆਸਾਨ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਲਿੰਕ ਸੜਕ ਦੋਵਾਂ ਜ਼ਿਲ੍ਹਿਆਂ ਨੂੰ ਜੋੜੇਗੀ, ਜਿਸ ਨਾਲ ਖੇਤਰੀ ਤਾਲਮੇਲ ਅਤੇ ਸਮਾਜਿਕ-ਆਰਥਿਕ ਗਤੀਵਿਧੀਆਂ ਨੂੰ ਨਵੀਂ ਦਿਸ਼ਾ ਮਿਲੇਗੀ। ਇਹ ਪ੍ਰੋਜੈਕਟ ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਇਕ ਮਹੱਤਵਪੂਰਨ ਕਦਮ ਹੈ।

ਪਿੰਡ ਵਾਸੀਆਂ ਨੇ ਸੜਕ ਨਿਰਮਾਣ ਸ਼ੁਰੂ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਕਿਹਾ ਕਿ ਇਹ ਸੜਕ ਪਿਛਲੇ 25 ਸਾਲਾਂ ਤੋਂ ਅਣਗੌਲੀ ਪਈ ਸੀ, ਜਿਸ ਕਾਰਨ ਪੇਂਡੂ ਵਿਕਾਸ ਦੀ ਰਫ਼ਤਾਰ ਮੱਠੀ ਪੈ ਗਈ ਸੀ। ਹੁਣ ਇਹ ਪਹਿਲ ਬੱਚਿਆਂ ਨੂੰ ਸਕੂਲ ਜਾਣ, ਮਰੀਜ਼ਾਂ ਨੂੰ ਹਸਪਤਾਲ ਪਹੁੰਚਣ ਅਤੇ ਕਿਸਾਨਾਂ ਨੂੰ ਆਪਣੀ ਉਪਜ ਨੂੰ ਬਾਜ਼ਾਰ ਲਿਜਾਣ ਵਿਚ ਸਹੂਲਤ ਪ੍ਰਦਾਨ ਕਰੇਗੀ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਲਾਕੇ ਦੇ ਸਾਰੇ ਪਿੰਡਾਂ ਵਿਚ ਪੱਕੀਆਂ ਸੜਕਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੀ ਉਪਲਬੱਧਤਾ ਯਕੀਨੀ ਬਣਾਈ ਜਾਵੇਗੀ, ਤਾਂ ਜੋ ਪੇਂਡੂ ਲੋਕਾਂ ਦਾ ਜੀਵਨ ਪੱਧਰ ਬਿਹਤਰ ਹੋ ਸਕੇ। ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕੰਮ ਸਮੇਂ ਸਿਰ ਅਤੇ ਚੰਗੀ ਗੁਣਵੱਤਾ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

## ਇਨਸਾਨੀਅਤ ਦਾ ਨਿੱਘ

ਮੈਂ ਰੱਬ ਨੂੰ ਹਾਲੇ ਤੱਕ ਵੇਖਿਆ ਨਈਂ ,
ਤੇ ਨਾ ਵੇਖਣ ਨੂੰ ਜੀਅ ਕਰਦੈ ।
ਐਪਰ ਕੁੱਲ ਦੁਨੀਆਂ ਦੀਆਂ ਮਾਵਾਂ ਨੂੰ ,
ਮੱਥਾ ਟੇਕਣ ਨੂੰ ਜੀਅ ਕਰਦੈ ।
ਜਿਹੜੇ ਪਿਓਆਂ ਦੇ ਮੱਥਿਆਂ 'ਚ ਹਜੇ ਵੀ ,
ਇਨਸਾਨੀ ਸੂਰਜ ਮਘਦਾ ਹੈ ;
ਉਨ੍ਹਾਂ ਦੀ ਰੂਹ 'ਚ ਸੁਲਘਦੀ ਅੱਗ ਨਾਲ਼ ,
ਤਨ ਮਨ ਸੇਕਣ ਨੂੰ ਜੀਅ ਕਰਦੈ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## .ਗਜ਼ਲ

ਇਹ ਮਾਂ ਬੋਲੀ ਦਿਲਾਂ ਅੰਦਰ ਸਦਾ ਅਰਮਾਨ ਬਣ ਜਾਵੇ।
ਅਗਰ ਲਿਖਦੇ ਅਤੇ ਪੜ੍ਹਦੇ ਨਹੀਂ ਨੁਕਸਾਨ ਬਣ ਜਾਵੇ।

ਨਿਆਣੇ ਭੇਜ ਕੇ ਬਾਹਰ ਦਵੇ ਮੱਤਾਂ ਵਿਗਾਨੇ ਨੂੰ,
ਅਜੇਹਾ ਸ਼ਖ਼ਸ ਦੁਨੀਆ ਵਿਚ ਸਦਾ ਨਾਦਾਨ ਬਣ ਜਾਵੇ।

ਸਿਹਾਰੀ 'ਤੇ ਕਨੌੜੇ ਦੀ ਜਿਨੂੰ ਵਰਤੋਂ ਨਹੀਂ ਆਉਂਦੀ,
ਅਜੇਹੀ ਕਲਮ ਕਵਿਤਾ ਦੀ ਕਿਵੇਂ ਧਨਵਾਨ ਬਣ ਜਾਵੇ।

ਇਹ ਮਾਂ ਬੋਲੀ ਲਈ ਆਪਾਂ ਸੁਚੱਜਾ ਹੱਲ ਲੱਭੋ ਜੀ,
ਪੜ੍ਹੀ ਜਾਵੇ ਲਿਖੀ ਜਾਵੇ ਤੁਹਾਡੀ ਸ਼ਾਨ ਬਣ ਜਾਵੇ।

ਜੇ ਹਰ ਦਫ਼ਤਰ ਪੰਜਾਬੀ ਵਿੱਚ ਸੁਣੇਗਾ ਗੱਲ ਲੋਕਾਂ ਦੀ,
ਤਾਂ ਦੁਨੀਆ ਦੀ ਜ਼ੁਬਾਨਾਂ ਵਿਚ ਜ਼ੁਬਾਨ ਰਕਾਨ ਬਣ ਜਾਵੇ।

ਮਿਲੇ ਵੀ ਨੌਕਰੀ ਉਸ ਨੂੰ ਜਿਹੜਾ ਪੜ੍ਹਿਆ ਪੰਜਾਬੀ ਹੈ,
ਅਜੇਹਾ ਫੈਸਲਾ ਲੋਕਾਂ ਲਈ ਵਰਦਾਨ ਬਣ ਜਾਵੇ।

ਕਿਸੇ ਨੂੰ ਰੋਕਦੈ ਜਿਹੜਾ ਕਿਸੇ ਨੂੰ ਟੋਕਦੈ ਜਿਹੜਾ,
ਉਦ੍ਹੀ ਫਿਰ ਜ਼ਿੰਦਗੀ 'ਲੋਟੇ' ਸਦਾ ਸੁੰਨ-ਸਾਨ ਬਣ ਜਾਵੇ।



ਲੋਟੇ

## ਇੰਡੀਆ ਬਨਾਮ ਭਾਰਤ !

ਭਾਰਤ ਲੂਣ-ਤੇਲ ਨੂੰ ਤਰਸੇ,
ਇੰਡੀਆ ਮੁਰਗੇ, ਬੱਕਰੇ ਚੱਬੇ।

ਇੰਡੀਆ ਨਿੱਤ ਦਿਨ ਸ਼ਾਈਨ ਹੋ ਰਿਹਾ,
ਭਾਰਤ ਦੇ ਮੂੰਹ ਵਧਦੇ ਧੱਬੇ।

ਇੰਡੀਆ "ਜਯ ਹੋ, ਜਯ ਹੋ" ਕਰਦਾ,
ਭਾਰਤ ਮਾਰੇ ਲੱਲੇ-ਭੱਬੇ।

ਇੰਡੀਆ ਝੂਮੇ ਬੈਂਡ, ਰਾਕ 'ਤੇ,
ਭਾਰਤ ਬੱਸ ਖੜਕਾਵੇ ਡੱਬੇ।

ਭਾਰਤ ਝੂਰੇ 'ਮਿਲੇ ਨਾ ਰੇਤਾ',
ਇੰਡੀਆ ਹਾਈਵੇ ਪੁਲ ਤੱਕ ਦੱਬੇ।

ਭਾਰਤ ਦੇ ਵਿੱਸਵੇ ਵੀ ਵਿਕ ਗਏ,
ਤੇ ਇੰਡੀਆ ਕਬਜ਼ਾਏ ਮੁਰੱਬੇ।

ਭਾਰਤ ਵਸਣ ਮਾਸੂਮ, ਨਿਮਾਣੇ,
ਇੰਡੀਆ ਵਿੱਚ ਚਲਾਕ ਤੇ ਕੱਬੇ।

ਇੰਡੀਆ ਦੇ ਵਿੱਚ ਪੈਕੇਜ਼ ਮਿਲਦੇ,
ਭਾਰਤ ਪਿਆ ਦਿਹਾੜੀ ਲੱਭੇ।

ਭਾਰਤ ਵਿੱਚ ਧਰਨੇ, ਹੜਤਾਲਾਂ,
ਤੇ ਇੰਡੀਆ ਘਪਲਿਆਂ ਦੇ ਥੱਬੇ।

ਇੰਡੀਆ ਜ਼ਰਵਾਣਿਆਂ ਦੀ ਚੱਕੀ,
ਤੇ ਭਾਰਤ ਪਿਸ ਰਿਹਾ ਏ ਗੱਭੇ।

ਭਾਰਤ ਧੱਕੇ ਖਾਵੇ ਦਫ਼ਤਰੀਂ,
ਇੰਡੀਆ ਯੂ.ਐਨ.ਓ ਵਿੱਚ ਫੱਬੇ।

ਬੱਸ ਕਰ ਰੋਮੀਆਂ ਪਿੰਡ ਘੜਾਮੇਂ,
ਪੀੜਾਂ, ਦਰਦ ਛੇੜ ਨਾ ਸੱਭੇ।



**ਰੋਮੀ ਘੜਾਮਾਂ।**
**9855281105 (ਵਟਸਪ ਨੰ.)**

## ਸ਼ੇਰੇ ਪੰਜਾਬ ਰਣਜੀਤ ਸਿੰਘ ਨੂੰ ਸਮਰਪਿਤ ਗੀਤ

ਸਾਨੂੰ ਮਾਫ ਕਰੀਂ ਰਣਜੀਤ ਸਿਆਂ, ਤੇਰਾ ਆਲ੍ਹਣਾ ਅਸੀਂ ਉਜਾੜ ਬੈਠੇ ।
ਤੂੰ ਜੋੜਿਆ ਤਿਣਕਾ-ਤਿਣਕਾ ਸੀ,ਅਸੀਂ ਆਪਣੇ ਹੱਥੀਂ ਸਾੜ ਬੈਠੇ ।

ਸਾਡੀ ਅਕਲ ਦੀ ਛੱਪੜੀ ਛੋਟੀ ਸੀ,ਕੁੱਝ ਹੂੜ ਮੱਤਾਂ ਦਾ ਹੜ੍ਹ ਆਇਆ,
ਅਸੀਂ ਆਪਣੇ ਹੀ ਖੁਦ ਕਤਲ ਕੀਤੇ, ਆਪੇ ਆਪਣਾ ਧੜ ਲਾਹਿਆ,
ਫਿਰ ਬਾਦਸ਼ਾਹੀ ਕੀਹਨੇ ਸਾਂਭਣੀ ਸੀ,ਮਹਿਲਾਂ ਦੇ ਤਖਤ ਉਖਾੜ ਬੈਠੇ--
ਸਾਨੂੰ ਮਾਫ ਕਰੀਂ ਰਣਜੀਤ ਸਿਆਂ----------

ਨਾ ਪੇਸ਼ ਗਈ ਕੋਈ ਜਿੰਦਾਂ ਦੀ,ਨਾ ਕਿਸੇ ਨੂੰ ਭੋਰਾ ਰਹਿਮ ਆਇਆ,
ਅਸੀਂ ਹਰ ਵਾਰ ਆਪਣੇ ਮਾਰੇ,ਧਰਮਾਂ ਨੇ ਐਸਾ ਵਹਿਮ ਪਾਇਆ,
ਹੀਰੋ ਤੋਂ ਜੀਰੋ ਹੋ ਗਏ ਹਾਂ, ਬਸ ਅਣਖਾਂ ਸੂਲੀ ਚਾੜ ਬੈਠੇ-----
ਸਾਨੂੰ ਮਾਫ ਕਰੀਂ ਰਣਜੀਤ ਸਿਆਂ------------

ਪਹਿਲਾਂ ਲੁੱਟਿਆ ਸਾਨੂੰ ਗੋਰਿਆਂ ਨੇ, ਹੁਣ ਕਾਲਿਆਂ ਨੇ ਲੁੱਟ ਕੇ ਖਾਇਆ,
ਲੱਖਾਂ ਸੰਤਾਲੀ ਵਿੱਚ ਮਾਰੇ, ਤੇਰੇ ਰਾਜ'ਚ ਐ ਮਾਤਮ ਛਾਇਆ,
ਸਭ ਮੌਸਮ ਵਾਂਗੂੰ ਬਦਲ ਗਏ, ਉਹ ਨਕਸ਼ਾ ਤੇਰਾ ਪਾੜ ਬੈਠੇ----
ਸਾਨੂੰ ਮਾਫ ਕਰੀਂ ਰਣਜੀਤ ਸਿਆਂ-----------

ਜਾਤੀ ਵੰਡ ਲਏ ਜਰਨੈਲ ਤੇਰੇ, ਨਾ ਸਮਝ ਭੇਤ ਕੋਈ ਪਾਇਆ,
'ਰਾਜਨ 'ਪਛਤਾਉਣਾ ਕੀ ਹੁਣ ਤਾਂ, ਪੁੱਤ ਆਪਣਾ ਹੋਇਆ ਪਰਾਇਆ,
ਸਾਡੇ ਮੱਥੇ ਦੀਵਾ ਨਾ ਬਲਿਆ, ਗੁੰਡਿਆਂ ਦੀ ਰੱਖ ਧਾੜ ਬੈਠੇ-----
ਸਾਨੂੰ ਮਾਫ ਕਰੀਂ ਰਣਜੀਤ ਸਿਆਂ, ਤੇਰਾ ਆਲਣਾ ਅਸੀਂ ਉਜਾੜ ਬੈਠੇ ।
ਤੂੰ ਜੋੜਿਆ ਤਿਣਕਾ-ਤਿਣਕਾ ਸੀ ,ਅਸੀਂ ਆਪਣੇ ਹੱਥੀਂ ਸਾੜ ਬੈਠੇ ।

**ਰਜਿੰਦਰ ਸਿੰਘ ਰਾਜਨ**
**ਗੁਰੂ ਗੋਬਿੰਦ ਸਿੰਘ ਨਗਰ**
**ਹਰੇੜੀ ਰੋਡ ਸੰਗਰੂਰ**
9876184954





# ਜਨ ਜੀਵਨ ਦੀ ਸਥਾਪਤੀ ਲਈ ਸਮਾਜਿਕ ਤਾਲਮੇਲ ਜ਼ਰੂਰੀ-ਕਾਹਨੇ ਕੇ

**ਬੰਗਾ (ਚਰਨਜੀਤ ਸੱਲ੍ਹਾਂ)** ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੇ ਨੁਮਾਇੰਦਿਆਂ ਵਲੋਂ ਸਮਾਜ ਨੂੰ ਸੇਧਕ ਪ੍ਰੇਰਨਾ ਹਿੱਤ ਵਿਚਾਰਾਂ ਦੀ ਸਾਂਝ ਪਾਈ ਗਈ। ਉਹਨਾਂ ਵਿਰਾਸਤ ਦੀ ਸੰਭਾਲ ਅਤੇ ਇਤਿਹਾਸ ਨਾਲ ਜੁੜਣ ਹਿੱਤ ਫਾਊਂਡੇਸ਼ਨ ਵਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਫਾਊਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨੇ ਕੇ ਨੇ ਕਿਹਾ ਕਿ ਜਨ ਜੀਵਨ ਦੀ ਸਾਰਥਿਕਤਾ ਲਈ ਸਮਾਜਿਕ ਸਾਂਝ ਦੀ ਹੋਂਦ ਜ਼ਰੂਰੀ ਹੈ। ਉਹਨਾਂ ਕਿਹਾ ਕਿ ਵਿਅਕਤੀਗਤ ਚਮਕਾਰਿਆਂ ਤੋਂ ਉੱਪਰ ਉੱਠ ਕੇ ਸਾਂਝੇ ਕਾਰਜਾਂ ਲਈ ਬਣਦੇ ਫਰਜ਼ਾਂ ਨੂੰ ਨਿਭਾਉਣ ਨੂੰ ਪਹਿਲ ਦੇਣੀ ਚਾਹੀਦੀ ਹੈ। ਫਾਊਂਡੇਸ਼ਨ ਦੇ ਜਨਰਲ ਸਕੱਤਰ ਜਸਵਿੰਦਰ ਸਿੰਘ ਬਡਰੁੱਖਾਂ ਦਾ



ਗੱਲਬਾਤ ਕਰਨ ਸਮੇਂ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੇ ਨੁਮਾਇੰਦੇ।

ਕਹਿਣ ਸੀ ਕਿ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਜਿੱਥੇ ਇਤਿਹਾਸ ਅਤੇ ਵਿਰਸਾ ਸੰਭਾਲਣ ਲਈ ਜਮੀਨੀ ਪੱਧਰ 'ਤੇ ਸੇਵਾਵਾਂ ਨੂੰ ਸਮਰਪਿਤ ਹੈ ਉੱਥੇ ਲੋੜਵੰਦ ਵਰਗ ਦੇ ਸਹਿਯੋਗ ਲਈ ਵੀ ਤੱਤਪਰ ਰਹਿੰਦੀ ਹੈ। ਉਹਨਾਂ ਕਿਹਾ ਕਿ ਜਿਹੜੇ ਲੋਕ ਅਜਿਹੇ ਕਾਰਜਾਂ ਵਿੱਚ ਆਪਣੀ ਕਿਰਤ ਕਮਾਈ ਚੋਂ ਦਸਵੰਧ ਕੱਢ ਕੇ ਯੋਗਦਾਨ ਪਾਉਂਦੇ ਹਨ, ਉਹ ਸਦਾ ਪ੍ਰੇਰਨਾ ਦੇ ਪਾਤਰ ਬਣਦੇ ਹਨ। ਇਸ ਮੌਕੇ ਫਾਊਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਕਿਰ-ਪਾਲ ਸਿੰਘ ਬਲਾਕੀਪੁਰ ਅਤੇ ਦਰਬਾਰਾ ਸਿੰਘ ਧੌਲਾ ਨੇ ਵੀ ਉਕਤ ਵਿਚਾਰਾਂ ਦੀ ਪ੍ਰੋੜਤਾ ਕੀਤੀ ਅਤੇ ਕਿਹਾ ਕਿ ਜਦੋਂ ਤੱਕ ਸੋਚ ਨੂੰ ਸੁਨਹਿਰਾ ਕਰਦਿਆਂ ਸਮਰਪਿਤ ਭਾਵਨਾਵਾਂ ਵਿਚ ਲਬਰੇਜ਼ ਨਹੀਂ ਕੀਤਾ ਜਾਂਦਾ ਉਦੋਂ ਤੱਕ ਸਾਰਥਕ ਨਤੀਜਿਆਂ ਦੀ ਆਸ ਨਹੀਂ ਰੱਖੀ ਜਾ ਸਕਦੀ।

# ਜੇਕਰ ਹਰ ਵਿਅਕਤੀ ਆਪਣੇ ਜਨਮ ਦਿਨ ਮੌਕੇ ਇੱਕ ਇੱਕ ਬੂਟਾ ਵੀ ਲਗਾਵੇ ਤਾਂ ਵਾਤਾਵਰਨ ਜਲਦੀ ਵਧੀਆ ਹੋ ਸਕਦਾ ਹੈ : ਸਰਪੰਚ ਅਨੀਤਾ ਰਾਣੀ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਚੇਅਰਮੈਨ ਕਮ ਜ਼ਿਲ੍ਹਾ ਜੱਜ ਰਜਿੰਦਰ ਅਗਰਵਾਲ ਦੇ ਦਿਸ਼ਾ ਨਿਰਦੇਸ਼ਾ ਹੇਠ ਪੈਰਾ ਲੀਗਲ ਵਲੰਟੀਅਰਜ਼ ਵੱਲੋਂ ਪਿੰਡ ਕੱਕੋਂ ਵਿੱਚ ਬੂਟੇ ਲਗਾਏ ਗਏ ਵਾਤਾਵਰਨ ਵਿੱਚ ਲਗਾਤਾਰ ਤਬਦੀਲੀਆਂ ਨੂੰ ਲੈ ਕੇ ਦੁਨੀਆ ਭਰ ਵਿੱਚ ਵਿਗਿਆਨੀ ਅਤੇ ਵਾਤਾਵਰਨ ਪ੍ਰੇਮੀਆਂ ਵਿੱਚ ਚਿੰਤਾ ਦੇਖਣ ਨੂੰ ਮਿਲ ਰਹੀ ਹੈ ਅਤੇ ਲਗਾਤਾਰ ਵਾਤਾਵਰਨ ਪ੍ਰੇਮੀਆਂ ਵੱਲੋਂ ਵਾਤਾਵਰਨ ਸੁਧਾਰ ਲਈ ਹੀਲੇ ਵਸੀਲੇ ਕੀਤੇ ਜਾਂਦੇ ਆ ਰਹੇ ਨੇ । ਇਸੇ ਲੜੀ ਤਹਿਤ ਪਿੰਡ ਕੱਕੋਂ ਵਿੱਚ ਵੀ 100 ਬੂਟੇ ਲਗਾਏ ਗਏ ਤਾਂ ਜੋ ਇਹ ਬੂਟੇ ਵੱਧ ਫੁੱਲ ਕੇ ਛਾਂ ਦੇ ਨਾਲ ਨਾਲ ਲੋਕਾਂ ਨੂੰ ਕੁਦਰਤ ਨਾਲ ਪ੍ਰੇਮ ਦਾ ਸੁਨੇਹਾ ਦੇ ਸਕਣ । ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਚੇਅਰਮੈਨ ਕਮ ਜ਼ਿਲ੍ਹਾ ਜੱਜ ਰਜਿੰਦਰ ਅਗਰਵਾਲ ਦੇ ਦਿਸ਼ਾ ਨਿਰਦੇਸ਼ ਹੇਠ ਪੈਰਾ ਲੀਗਲ ਵਲੰਟੀਅਰਜ਼ ਵੱਲੋਂ ਪਿੰਡ ਕੱਕੋ ਵਿਖੇ ਸਰਪੰਚ ਸ਼੍ਰੀ ਮਤੀ ਅਨੀਤਾ ਰਾਣੀ ਦੀ ਹਾਜਰੀ ਵਿੱਚ 100 ਬੂਟੇ ਲਗਾਏ



ਗਏ। ਇਸ ਮੌਕੇ ਪਿੰਡ ਦੀ ਸਰਪੰਚ ਅਨੀਤਾ ਰਾਣੀ ਨੇ ਕਿਹਾ ਕਿ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਤੇ । ਇਸ ਮੌਕੇ ਉਨਾਂ ਨੇ ਕਾਨੂੰਨੀ ਸੇਵਾਵਾਂ ਅਥਾਰਟੀ ਚੇਅਰਮੈਨ ਕੰਮ ਜਿਲਾ ਜੱਜ ਰਜਿੰਦਰ ਅਗਰਵਾਲ ਅਤੇ ਉਨਾਂ ਦੀ ਪੈਰਾ ਲੀਗਲ ਵਲੰਟੀਅਰ ਟੀਮ ਦੇ ਨਾਲ ਨਾਲ ਇਲਾਕਾ ਵਾਸੀਆਂ ਦਾ ਧੰਨਵਾਦ ਕੀਤਾ । ਇਸ ਦੇ ਨਾਲ ਹੀ ਇਸ ਮੌਕੇ ਤੇ ਸਰਪੰਚ ਅਨੀਤਾ ਰਾਣੀ ਨੇ ਪਿੰਡ ਵਾਸੀਆਂ ਨੂੰ ਬਰਸਾਤ ਦੇ ਮੌਸਮ ਵਿੱਚ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਅਪੀਲ ਕੀਤੀ।

ਇਸ ਮੌਕੇ ਹੋਰਨਾਂ ਤੋ ਇਲਾਵਾ ਅਸ਼ੀਸ਼ ਜੋਤੀ ਪੈਨਲ ਐਡਵੋਕੇਟ, ਬਲਬੀਰ ਸਿੰਘ ਪੈਰਾ ਲੀਗਲ ਵਲੰਟੀਅਰ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ,ਮੈਂਬਰ ਪੰਚਾਇਤ ਕੁਲਵਿੰਦਰ ਕੁਮਾਰ, ਮੈਂਬਰ ਪੰਚਾਇਤ ਪਰਮਜੀਤ ਕੌਰ, ਮੈਂਬਰ ਪੰਚਾਇਤ ਜੀਵਨ ਕੌਰ, ਮੈਬਰ ਪੰਚਾਇਤ ਸੰਤੋਸ਼ ਬੱਧਣ, ਮੈਂਬਰ ਪੰਚਾਇਤ ਕਰਮ ਸਿੰਘ, ਮੈਂਬਰ ਪੰਚਾਇਤ ਨਿਰਮਲ ਸਿੰਘ, ਹੁਸ਼ਿਆਰਪੁਰ ਇਨਕਲੇਵ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਤੋਂ ਇਲਾਵਾ ਸੁਨੀਲ ਕੁਮਾਰ, ਦੀਪੂ ਬੇਦੀ, ਮਨੀਸ਼ ਕੁਮਾਰ ਆਦਿ ਹਾਜਰ ਸਨ।

**ਫੋਟੋ ਅਜਮੇਰ ਦੀਵਾਨਾ**

# ਨਡਾਲੋਂ ਪਿੰਡ ਨੂੰ ਮਿਲੀ 1.56 ਕਰੋੜ ਦੀ 18 ਫੁੱਟ ਚੌੜੀ ਸੀਮੈਂਟ ਕਨਕਰੀਟ ਲਿੰਕ ਸੜਕ ਦੀ ਸੌਗਾਤ : ਵਿਧਾਇਕ ਡਾ. ਈਸ਼ਾਂਕ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜਾਂ ਦੀ ਰਫ਼ਤਾਰ ਲਗਾਤਾਰ ਤੇਜ਼ੀ ਨਾਲ ਵੱਧ ਰਹੀ ਹੈ। ਇਸ ਲੜੀ ਵਿੱਚ ਪਿੰਡ ਨਡਾਲੋਂ ਦੀ ਫਿਰਨੀ ਸੜਕ (ਜੋ ਨਡਾਲੋਂ ਪਿੰਡ ਤੋਂ ਨਡਾਲੋਂ ਪੁਲ ਤੱਕ ਜਾਂਦੀ ਹੈ) ਨੂੰ ਹੁਣ 18 ਫੁੱਟ ਚੌੜੀ ਸੀਮੈਂਟ ਕਨਕਰੀਟ ਲਿੰਕ ਸੜਕ ਵਜੋਂ ਤਿਆਰ ਕਰਨ ਦੀ ਮਨਜ਼ੂਰੀ ਮਿਲ ਗਈ ਹੈ। ਇਸ ਦੀ ਜਾਣਕਾਰੀ ਹਲਕੇ ਦੇ ਵਿਧਾਇਕ ਡਾ. ਈਸ਼ਾਂਕ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਲਈ 1.56 ਕਰੋੜ ਰੁਪਏ ਦੀ ਰਕਮ ਜਾਰੀ ਕਰ ਦਿੱਤੀ ਗਈ ਹੈ ਅਤੇ ਨਿਰਮਾਣ ਕੰਮ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਇਹ ਸੜਕ ਕਈ ਸਾਲਾਂ ਤੋਂ ਪਿੰਡ ਵਾਸੀਆਂ ਦੀ ਮੁੱਖ ਮੰਗ ਰਹੀ ਸੀ ਕਿਉਂਕਿ ਬਾਰਿਸ਼ ਦੌਰਾਨ ਇਹ ਰਸਤਾ ਪਾਣੀ ਨਾਲ ਭਰ ਜਾਂਦਾ ਸੀ



ਅਤੇ ਆਵਾਜਾਈ ਵਿੱਚ ਭਾਰੀ ਮੁਸ਼ਕਿਲ ਆਉਂਦੀ ਸੀ। ਹੁਣ ਜਦੋਂ ਕਿ ਇਹ ਸੜਕ ਸੀਮੈਂਟ ਕਨਕਰੀਟ ਦੀ ਬਣੇਗੀ, ਤਾਂ ਇਹ ਲੰਮੇ ਸਮੇਂ ਲਈ ਮਜਬੂਤ ਰਹੇਗੀ ਅਤੇ ਵਿਦਿਆਰਥੀਆਂ, ਕਿਸਾਨਾਂ, ਵਪਾਰੀਆਂ ਅਤੇ ਆਮ ਲੋਕਾਂ ਨੂੰ ਵਧੀਆ ਸੁਵਿਧਾ ਮਿਲੇਗੀ। ਡਾ. ਈਸ਼ਾਂਕ ਨੇ ਇਸ ਮਹੱਤਵਪੂਰਨ ਵਿਕਾਸ ਕਾਰਜ ਦੀ ਮਨਜ਼ੂਰੀ ਅਤੇ ਰਕਮ ਜਾਰੀ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਅਤੇ ਹੁਸ਼ਿਆਰਪੁਰ ਤੋਂ ਸਾਂਸਦ ਡਾ. ਰਾਜ ਕੁਮਾਰ ਚੱਬੇਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਿੱਚ ਪਿੰਡ ਪਿੰਡ ਤੱਕ ਪੱਕੀਆਂ ਸੜਕਾਂ, ਸੀਵਰੇਜ, ਸਿਹਤ ਤੇ ਸਿੱਖਿਆ ਵਰਗੀਆਂ ਆਧਾਰਭੂਤ ਸੁਵਿਧਾਵਾਂ ਦਾ ਵਿਸਥਾਰ ਹੋ ਰਿਹਾ ਹੈ। ਵਿਧਾਇਕ ਨੇ ਕਿਹਾ, "ਇਹ ਵਿਕਾਸ ਦਾ ਯੁੱਗ ਹੈ, ਜਿੱਥੇ ਸਰਕਾਰ ਆਮ ਲੋਕਾਂ ਦੀਆਂ ਜ਼ਰੂਰਤਾਂ ਨੂੰ ਤਰਜੀਹ ਦੇ ਰਹੀ ਹੈ।" ਉਨ੍ਹਾਂ ਇਹ ਵੀ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਚੱਬੇਵਾਲ ਹਲਕੇ ਵਿੱਚ ਹੋਰ ਵੀ ਨਵੇਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਜਾਵੇਗੀ।

# ਕਾਲੀ ਕਿਸ਼ਮਿਸ਼ (ਸੌਗੀ) ਦੇ ਫਾਇਦੇ / ਡਾਕਟਰ ਇੰਦਰਜੀਤ ਕਮਲ

ਕਾਲੀ ਕਿਸ਼ਮਿਸ਼ ਸਾਡੇ ਸਰੀਰ ਲਈ ਬਹੁਤ ਫਾਇਦੇਮੰਦ ਹੁੰਦੀ ਹੈ । ਇਹ ਸਾਡੇ ਖ਼ੂਨ ਨੂੰ ਸ਼ੁੱਧ ਕਰਦੀ ਹੈ ਅਤੇ ਖ਼ੂਨ ਵਿਚਲੀ ਆਇਰਨ ਦੀ ਕਮੀ ਨੂੰ ਦੂਰ ਕਰਦੀ ਹੈ । ਇਹ ਕਬਜ਼ ਤੋਂ ਛੁਟਕਾਰਾ ਦਿਵਾਉਂਦੀ ਹੈ ਅਤੇ ਰੋਗ ਪ੍ਰਤੀ ਰੋਧਕ ਸ਼ਕਤੀ ਵਧਾਉਂਦੀ ਹੈ ।

ਕਾਲੀ ਕਿਸ਼ਮਿਸ਼ ਖਾਣ ਨਾਲ ਬਲੱਡ ਪਰੈਸ਼ਰ ਕਾਬੂ ਵਿੱਚ ਰਹਿੰਦਾ ਹੈ ਅਤੇ ਇਹਦੇ ਵਿਚਲੇ ਵਿਟਾਮਿਨ ਚਮੜੀ ਅਤੇ ਵਾਲਾਂ ਦੀ ਸਿਹਤ ਦਾ ਸੁਧਾਰ ਕਰਦੇ ਹਨ ।

**#ਖ਼ੂਨ_ਸ਼ੁੱਧ ਕਰਨਾ :**
ਕਾਲੀ ਕਿਸ਼ਮਿਸ਼ ਵਿੱਚ ਐਂਟੀਆਕਸੀਡੈਂਟ ਅਤੇ ਹੋਰ ਗੁਣ ਹੁੰਦੇ ਹਨ ਜੀ ਸਾਡੇ ਖ਼ੂਨ ਨੂੰ ਸ਼ੁੱਧ ਕਰਨ ਵਿੱਚ ਮਦਦ ਕਰਦੇ ਹਨ , ਜਿਸ ਨਾਲ ਸਾਡੀ ਚਮੜੀ ਅਤੇ ਵਾਲਾਂ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ ।

**ਆਇਰਨ ਦਾ ਘਾਟਾ ਦੂਰ ਕਰਨਾ :** ਕਾਲੀ ਕਿਸ਼ਮਿਸ਼ ਆਇਰਨ ਦਾ ਇੱਕ ਬਹੁਤ ਵਧੀਆ ਸਰੋਤ ਹੈ , ਜਿਸ ਕਰ ਕੇ ਕਾਲੀ ਕਿਸ਼ਮਿਸ਼ ਖਾਣ ਨਾਲ ਸਾਡੇ ਖ਼ੂਨ ਅੰਦਰ ਆਇਰਨ ਦਾ ਘਾਟਾ ਦੂਰ ਹੁੰਦਾ ਹੈ ਅਤੇ ਅਨੀਮੀਆ ਵਰਗੀ ਬਿਮਾਰੀ ਤੋਂ ਰਾਹਤ ਮਿਲਦੀ ਹੈ ।

**ਰੋਗ ਪ੍ਰਤੀ ਰੋਧਕ ਸ਼ਕਤੀ ਵਧਾਉਣਾ:** ਕਾਲੀ ਕਿਸ਼ਮਿਸ਼ ਵਿੱਚ ਵਿਟਾਮਿਨ ਸੀ ਦੇ ਨਾਲ ਨਾਲ



ਹੋਰ ਵੀ ਬਹੁਤ ਸਾਰੇ ਵਿਟਾਮਿਨ ਹੁੰਦੇ ਹਨ , ਜੋ ਸਾਡੇ ਸਰੀਰ ਅੰਦਰ ਜਾ ਕੇ ਸਾਡੀ ਰੋਗ ਪ੍ਰਤੀ ਰੋਧਕ ਸ਼ਕਤੀ ਨੂੰ ਵਧਾਉਂਦੇ ਹਨ ।

**ਬਲੱਡ ਪਰੈਸ਼ਰ ਨੂੰ ਕਾਬੂ ਕਰੇ:** ਕਾਲੀ ਕਿਸ਼ਮਿਸ਼ ਅੰਦਰਲਾ ਪੋਟਾਸ਼ੀਅਮ ਸਾਡੇ ਬਲੱਡ ਪਰੈਸ਼ਰ ਨੂੰ ਕਾਬੂ ਵਿੱਚ ਰੱਖਦਾ ਹੈ ।

**ਕਬਜ਼ ਤੋਂ ਰਾਹਤ:**
ਕਾਲੀ ਕਿਸ਼ਮਿਸ਼ ਵਿੱਚ ਫਾਈਬਰ ਦੀ ਮਾਤਰਾ ਕਾਫੀ ਹੁੰਦੀ ਹੈ ਜਿਸ ਕਾਰਨ ਪਾਚਨ ਸੁਧਰ ਜਾਂਦਾ ਹੈ ਅਤੇ ਕਬਜ਼ ਤੋਂ ਰਾਹਤ ਮਿਲਦੀ ਹੈ ।

**ਹੱਡੀਆਂ ਮਜ਼ਬੂਤ ਕਰਨਾ:** ਕਾਲੀ ਕਿਸ਼ਮਿਸ਼ ਵਿੱਚ ਕੈਲਸ਼ੀਅਮ ਦੀ ਮਾਤਰਾ ਕਾਫੀ ਹੁੰਦੀ ਹੈ , ਜਿਸ ਨਾਲ ਸਾਡੀਆਂ ਹੱਡੀਆਂ ਅਤੇ ਦੰਦ ਮਜ਼ਬੂਤ ਹੁੰਦੇ ਹਨ ।

**ਬੁਢਾਪੇ ਨੂੰ ਰੋਕਣਾ:** ਕਾਲੀ ਕਿਸ਼ਮਿਸ਼ ਵਿਚਲੇ ਐਂਟੀਆਕਸੀਡੈਂਟ ਬੁਢਾਪੇ ਦੀਆਂ ਨਿਸ਼ਾਨੀਆਂ ਨਹੀਂ ਦਿੱਸਣ ਦਿੰਦੇ ।

# ਸ਼੍ਰੋਮਣੀ ਪੁਰਸਕਾਰਾਂ ਲਈ ਚੁਣੇ ਵਿਅਕਤੀਆਂ ਦੀ ਸੂਚੀ ਲੇਖ ਭਾਗ ਚੌਥਾ-4

**ਅਗਲੇ ਤਿੰਨ ਖੋਜ਼ ਪੱਤਰ ਤੁਹਾਡੀ ਨਜ਼ਰ ਕਰਨ ਤੋਂ ਪਹਿਲਾਂ ਉਹਨਾਂ 108 ਵਿਅਕਤੀਆਂ ਦੇ ਨਾਂ ਤੁਹਾਡੇ ਨਾਲ ਸਾਂਝੇ ਕਰ ਰਹੇ ਹਾਂ ਜਿਨ੍ਹਾਂ ਨੂੰ ਰਾਜ ਸਲਾਹਕਾਰ ਬੋਰਡ ਵੱਲੋਂ ਵੱਖ-ਵੱਖ ਪੁਰਸਕਾਰਾਂ ਲਈ ਚੁਣਿਆ ਗਿਆ। ਧਿਆਨ ਨਾਲ ਘੋਖਣ ਤੇ ਝੱਟ ਪਤਾ ਚੱਲ ਜਾਵੇਗਾ ਕਿ ਇੰਨ੍ਹਾਂ ਵਿੱਚੋਂ ਕਿੰਨੇ ਮੌਜੂਦਾ ਜਾਂ ਸਾਬਕਾ ਵੱਡੇ ਵੱਡੇ ਅਫ਼ਸਰ, ਸਾਹਿਤਕ ਜਥੇਬੰਦੀਆਂ ਦੇ ਪ੍ਰਧਾਨ/ਸਕੱਤਰ ਆਦਿ ਹਨ ਅਤੇ ਕਿੰਨੇ ਸਧਾਰਨ ਵਿਅਕਤੀ। ਥੋੜੀ ਜਿਹੀ ਹੋਰ ਘੋਖ ਕਰਨ ਤੇ ਪੜਤਾਲ ਤੇ ਇਹ ਸਮਝ ਵੀ ਆ ਜਾਵੇਗਾ ਕਿ ਪੁਰਸਕਾਰਾਂ ਦੀ ਚੋਣ ਸਮੇਂ ਕੋਈ ਪੱਖਪਾਤ ਅਤੇ ਭਾਈ ਭਤੀਜਾਵਾਦ ਹੋਇਆ ਜਾਂ ਨਹੀਂ।**

**ਸੂਚੀ**

ਪੁਰਸਕਾਰਾਂ ਲਈ ਚੁਣੇ ਗਏ 108 ਵਿਅਕਤੀਆਂ ਦੀ ਲਿਸਟ

ਰਾਜ ਸਲਾਹਕਾਰ ਬੋਰਡ ਵੱਲੋਂ, ਇਹਨਾਂ ਵਿਅਕਤੀਆਂ ਦੀ ਪੁਰਸਕਾਰਾਂ ਲਈ ਚੋਣ, ਆਪਣੀ ਤਿੰਨ 03.12.2020 ਦੀ ਮੀਟਿੰਗ ਵਿੱਚ ਕੀਤੀ ਗਈ।

1. ਪੰਜਾਬੀ ਸਾਹਿਤ ਰਤਨ

ਸਾਲ 2015 ਲਈ ਓਮ ਪ੍ਰਕਾਸ਼ ਗਾਸ਼ੋ, 2016 ਲਈ ਗੁਰਭਜਨ ਭੁੱਲਰ, 2017 ਲਈ ਗੁਲਜ਼ਾਰ ਸਿੰਘ ਸੰਧੂ, 2018 ਲਈ ਫ਼ਖ਼ਰ ਜ਼ਮਾਨ, 2019 ਲਈ ਡਾ. ਤੇਜਵੰਤ ਮਾਨ ਅਤੇ 2020 ਲਈ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਚੁਣਿਆ ਗਿਆ ਹੈ।

2. ਸ਼ੋਮਣੀ ਪੰਜਾਬੀ ਸਾਹਿਤਕਾਰ

ਸਾਲ 2015 ਲਈ ਜੋਗਿੰਦਰ ਸਿੰਘ ਕੈਰੋਂ, 2016 ਲਈ ਤਾਰਨ ਗੁਜ਼ਾਰ, 2017 ਲਈ ਕੇ ਐਲ ਗਰਗ, 2018 ਲਈ ਅਤਰਜੀਤ ਸਿੰਘ, 2019 ਲਈ ਕਿਰਪਾਲ ਕਜ਼ਾਕ ਅਤੇ 2020 ਲਈ ਡਾ. ਮਨਮੋਹਨ ਨੂੰ ਚੁਣਿਆ ਗਿਆ ਹੈ।

3. ਸ਼੍ਰੋਮਣੀ ਹਿੰਦੀ ਸਾਹਿਤਕਾਰ

ਸਾਲ 2015 ਲਈ ਵਿਨੋਦ ਸ਼ਾਹੀ, 2016 ਲਈ ਸੁਖਵਿੰਦਰ ਕੌਰ ਬਾਠ, 2017 ਲਈ ਰਾਜੀ ਸੇਠ, 2018 ਲਈ ਬਲੀ ਸਿੰਘ ਚੀਮਾ, 2019 ਲਈ ਅਜੈ ਸ਼ਰਮਾ ਅਤੇ 2020 ਲਈ ਡਾ. ਕੀਰਤੀ ਕੇਸਰ ਨੂੰ ਚੁਣਿਆ ਗਿਆ ਹੈ।

4. ਸ਼ੋਮਣੀ ਉਰਦੂ ਸਾਹਿਤਕਾਰ

ਸਾਲ 2015 ਲਈ ਮੁਹੰਮਦ ਫਯਾਜ਼ ਫਾਰੂਕੀ, 2016 ਲਈ ਨਦੀਮ ਅਹਿਮਦ ਨਦੀਮ, 2017 ਲਈ ਟੀ ਐਨ ਰਾਜ, 2018 ਲਈ ਬੀ. ਡੀ. ਕਾਲੀਆ ਹਮਦਮ, 2019 ਲਈ ਮੁਹੰਮਦ ਬਸ਼ੀਰ ਅਤੇ 2020 ਲਈ ਰਹਿਮਾਨ ਅਖ਼ਤਰ ਨੂੰ ਚੁਣਿਆ ਗਿਆ ਹੈ।

5. ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ

ਸਾਲ 2015 ਲਈ ਰਮਾ ਕਾਂਤ ਅੰਗਰੀਸ਼, 2016 ਲਈ ਵੇਦ ਪ੍ਰਕਾਸ਼ ਉਪਾਧਿਆ, 2017 ਲਈ ਦਾਮੋਦਰ ਝਾਅ, 2018 ਲਈ ਕਨਹੀਆ ਲਾਲ ਪਰਾਸ਼ਰ, 2019 ਲਈ ਵਰਿੰਦਰ ਅਲੰਕਾਰ ਅਤੇ 2020 ਲਈ ਡਾ. ਸ਼ਰਨ ਕੌਰ




ਨੂੰ ਚੁਣਿਆ ਗਿਆ ਹੈ।

6. ਸ਼੍ਰੋਮਣੀ ਪੰਜਾਬੀ ਕਵੀ

ਸਾਲ 2015 ਲਈ ਸੰਤੋਖ ਸਿੰਘ ਸ਼ਹਰਯਾਰ, 2016 ਲਈ ਮਨਜੀਤ ਇੰਦਰਾ, 2017 ਲਈ ਡਾ. ਰਵਿੰਦਰ ਬਟਾਲਾ, 2018 ਲਈ ਜਸਵੰਤ ਜ਼ਫ਼ਰ, 2019 ਲਈ ਬਲਵਿੰਦਰ ਸਿੰਘ ਸੰਧੂ ਅਤੇ 2020 ਲਈ ਸ਼ਿਰੀ ਰਾਮ ਅਰਸ਼ ਨੂੰ ਚੁਣਿਆ ਗਿਆ ਹੈ।

7. ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ

ਸਾਲ 2015 ਲਈ ਡਾ. ਸਤਿੰਦਰ ਸਿੰਘ, 2016 ਲਈ ਬਲਦੇਵ ਸਿੰਘ ਚੀਮਾ, 2017 ਲਈ ਅਮਰਜੀਤ ਗਰੇਵਾਲ, 2018 ਲਈ ਡਾ ਧਨਵੰਤ ਕੌਰ, 2019 ਲਈ ਡਾ. ਸੁਖਦੇਵ ਸਿੰਘ ਸਿਰਸਾ ਅਤੇ 2020 ਲਈ ਸੁਰਿੰਦਰ ਕੁਮਾਰ ਦਵੇਸ਼ਵਰ ਨੂੰ ਚੁਣਿਆ ਗਿਆ ਹੈ।

8. ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ

ਸਾਲ 2015 ਲਈ ਡਾ. ਮਦਨ ਲਾਲ ਹਸੀਜਾ, 2016 ਲਈ ਹਰਪਾਲ ਸਿੰਘ ਪੰਨੂੰ, 2017 ਲਈ ਡਾ. ਅਨੂਪ ਸਿੰਘ, 2018 ਲਈ ਡਾ. ਗਿਆਨ ਸਿੰਘ, 2019 ਲਈ ਡਾ. ਗੁਰਸ਼ਰਨ ਕੌਰ ਜੱਗੀ ਅਤੇ 2020 ਲਈ ਨਿੰਦਰ ਘੁਗਿਆਣਵੀ ਨੂੰ ਚੁਣਿਆ ਗਿਆ ਹੈ।

9. ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ)

ਸਾਲ 2015 ਲਈ ਸਾਧੂ ਸਿੰਘ ਬਿਗ, 2016 ਲਈ ਇਕਬਾਲ ਮਾਹਿਲ, 2017 ਲਈ ਹਰਜੀਤ ਅਟਵਾਲ, 2018 ਲਈ ਰਵਿੰਦਰ ਸਹਿਰਾਅ, 2019 ਲਈ ਸੁਖਵਿੰਦਰ ਕੰਬੋਜ ਅਤੇ 2020 ਲਈ ਐਸ. ਬਲਵੰਤ ਨੂੰ ਚੁਣਿਆ ਗਿਆ ਹੈ।

10. ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ



ਮਿੱਤਰ ਸੈਨ ਮੀਤ

ਬਾਹਰ)

ਸਾਲ 2015 ਲਈ ਡਾ. ਜਸਪਾਲ ਸਿੰਘ , 2016 ਲਈ ਡਾ. ਜਗਬੀਰ ਸਿੰਘ, 2017 ਲਈ ਜੀ ਡੀ ਚੌਧਰੀ, 2018 ਲਈ ਸਵਰਨ ਸਿੰਘ ਵਿਰਕ, 2019 ਲਈ ਬਰਜਿੰਦਰ ਚੌਹਾਨ ਅਤੇ 2020 ਲਈ ਡਾ. ਰਵੀ ਰਵਿੰਦਰ ਨੂੰ ਚੁਣਿਆ ਗਿਆ ਹੈ।

11. ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ

ਸਾਲ 2015 ਲਈ ਅਵਤਾਰ ਸਿੰਘ ਦੀਪਕ, 2016 ਲਈ ਹਰਬੰਸ ਸਿੰਘ ਚਾਵਲਾ, 2017 ਲਈ ਕਰਨੈਲ ਸਿੰਘ ਸੋਮਲ, 2018 ਲਈ ਕੁਲਬੀਰ ਸਿੰਘ ਸੂਰੀ, 2019 ਲਈ ਤੇਜਿੰਦਰ ਹਰਜੀਤ ਅਤੇ 2020 ਲਈ ਬਲਜਿੰਦਰ ਮਾਨ ਨੂੰ ਚੁਣਿਆ ਗਿਆ ਹੈ।

12. ਸ਼੍ਰੋਮਣੀ ਪੰਜਾਬੀ ਪੱਤਰਕਾਰ

ਸਾਲ 2015 ਲਈ ਕੁਲਦੀਪ ਸਿੰਘ ਬੇਦੀ, 2016 ਲਈ ਹਰਬੀਰ ਸਿੰਘ ਭੰਵਰ, 2017 ਲਈ ਸੁਰਿੰਦਰ ਸਿੰਘ ਤੇਜ, 2018 ਲਈ ਚਰਨਜੀਤ ਸਿੰਘ ਭੁੱਲਰ, 2019 ਲਈ ਦਵਿੰਦਰ ਪਾਲ ਅਤੇ 2020 ਲਈ ਜਗੀਰ ਸਿੰਘ ਜਗਤਾਰ ਨੂੰ ਚੁਣਿਆ ਗਿਆ ਹੈ।

13. ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਸਾਲ 2015 ਲਈ ਗੁਰਬਚਨ (ਫਿਲਹਾਲ), 2016 ਲਈ ਬਲਬੀਰ ਪਰਵਾਨਾ, 2017 ਲਈ ਪੂਨਮ ਪ੍ਰੀਤਲੜੀ, 2018 ਲਈ ਡਾ. ਹਰਜਿੰਦਰ ਵਾਲੀਆ, 2019 ਲਈ ਕੰਵਰਜੀਤ ਭੱਠਲ ਅਤੇ 2020 ਲਈ ਦਰਸ਼ਨ ਢਿੱਲੋਂ ਨੂੰ ਚੁਣਿਆ ਗਿਆ ਹੈ।

14. ਸ਼੍ਰੋਮਣੀ ਰਾਗੀ

ਸਾਲ 2015 ਲਈ ਭਾਈ ਰਣਧੀਰ ਸਿੰਘ, 2016 ਲਈ ਭਾਈ ਨਰਿੰਦਰ ਸਿੰਘ, 2017 ਲਈ ਭਾਈ ਰਵਿੰਦਰ ਸਿੰਘ, 2018 ਲਈ ਭਾਈ ਮਨਿੰਦਰ ਸਿੰਘ ਸ੍ਰੀਨਗਰ ਵਾਲੇ, 2019 ਲਈ ਡਾ. ਜਸਬੀਰ ਕੌਰ ਅਤੇ 2020 ਲਈ ਭਾਈ ਗੁਰਮੇਲ ਸਿੰਘ ਨੂੰ ਚੁਣਿਆ ਗਿਆ ਹੈ।

15. ਸ਼੍ਰੋਮਣੀ ਢਾਡੀ/ਕਵੀਸ਼ਰ

ਸਾਲ 2015 ਲਈ ਹੰਸ ਸਿੰਘ ਮਾਨੀਖੇੜਾ, 2016 ਲਈ ਜਗਦੇਵ ਸਿੰਘ ਛਾਜਲੀ, 2017 ਲਈ ਮੁਖਤਿਆਰ ਸਿੰਘ ਜਫ਼ਰ, 2018 ਲਈ ਫਜ਼ਲਦੀਨ ਲੋਹਟਬੱਧੀ, 2019 ਲਈ ਭਾਈ ਬਲਬੀਰ ਸਿੰਘ ਬੀਹਲਾ ਅਤੇ 2020 ਲਈ ਦਲਬਾਰਾ ਸਿੰਘ ਉੱਭਾ ਨੂੰ ਚੁਣਿਆ ਗਿਆ ਹੈ।

16. ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫਿਲਮ ਪੁਰਸਕਾਰ

ਸਾਲ 2015 ਲਈ ਵਿਜੈ ਟੰਡਨ, 2016 ਲਈ ਕੁਲਵਿੰਦਰ ਬੁੱਟਰ, 2017 ਲਈ ਗਿਰਜਾ ਸ਼ੰਕਰ, 2018 ਲਈ ਸੁਰੇਸ਼ ਪੰਡਿਤ, 2019 ਲਈ ਬੀ ਐੈਨ ਸ਼ਰਮਾ ਅਤੇ 2020 ਲਈ ਪੁਨੀਤ ਸਹਿਗਲ ਨੂੰ ਚੁਣਿਆ ਗਿਆ ਹੈ।

17. ਸ਼੍ਰੋਮਣੀ ਪੰਜਾਬੀ ਨਾਟਕ/ਥੀਟੇਟਰ ਪੁਰਸਕਾਰ

ਸਾਲ 2015 ਲਈ ਪ੍ਰਾਣ ਸੱਭਰਵਾਲ, 2016 ਲਈ ਕੈਲਾਸ਼ ਕੌਰ, 2017 ਲਈ ਨਵਨਿੰਦਰਾ ਬਹਿਲ, 2018 ਲਈ ਜਸਵੰਤ ਕੌਰ ਦਮਨ, 2019 ਲਈ ਡਾ. ਸਤੀਸ਼ ਕੁਮਾਰ ਵਰਮਾ ਅਤੇ 2020 ਲਈ ਡਾ. ਸਾਹਿਬ ਸਿੰਘ ਨੂੰ ਚੁਣਿਆ ਗਿਆ ਹੈ।

18. ਸ਼੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ

ਸਾਲ 2015 ਲਈ ਚਰਨਜੀਤ ਆਹੂਜਾ, 2016 ਲਈ ਰਣਜੀਤ ਕੌਰ, 2017 ਲਈ ਸਰਦੂਲ ਸਿਕੰਦਰ, 2018 ਲਈ ਹਰਭਜਨ ਮਾਨ, 2019 ਲਈ ਪਾਲੀ ਦੇਤਵਾਲੀਆ ਅਤੇ 2020 ਲਈ ਮੇਜਰ ਸਿੰਘ ਨੂੰ ਚੁਣਿਆ ਗਿਆ ਹੈ।

**ਮਿੱਤਰ ਸੈਨ ਮੀਤ**

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... £120

2) ਮਾਨਸਿਕ ਸ਼ਕਤੀ ਲਈ: (NERVE TONIC) ... £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... £35
2) ... £35
3) ... (HEALTHY SPERMS) ... £40
4) ... £35
5) ... £35
6) ... £30
7) ... £25
8) ... £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ: (AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ... TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) — £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS) ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ:

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ... (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) ... £19
NURALACO (IN OINTMENT OR LOTION) ... £19
CHILLAGA (IN OINTMENT OR LOTION) ... £19
ARNSTRA (IN OINTMENT) ... (BED SORES) ... £19
BELINFLA (IN OIL OR OINTMENT) ... £19
BELULCE (IN OIL) ... ULCERS ... £19
BRYJOIN (IN OIL) ... £19
CALWOUN (IN OIL OR OINTMENT) ... £19
BURCAN (IN LOTION OR OINTMENT) ... £19
ROUTUM (IN OINTMENT) ... £19
JOINRHU (IN OIL) ... £19
ABSSIL (IN LOTION) ... £19
ITCSUL (IN OIL) ... £19
WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਅੰਧ ਵਿਸ਼ਵਾਸ

ਸਾਡੇ ਗੁਆਂਢੀ ਦਾ ਰਿਸ਼ਤੇਦਾਰ ( ਦੋਹਤਾ ) ਪੋਲੀਓ ਦਾ ਸ਼ਿਕਾਰ ਹੋ ਗਿਆ ਸੀ। ਬਹੁਤ ਇਲਾਜ਼ ਕਰਵਾਇਆ ਪਰ ਕੁਝ ਨਾ ਬਣਿਆਂ। ਬੱਚਾ ਅਪਾਹਿਜ ਹੋ ਗਿਆ। ਵੈਸਾਖੀ ਨਾਲ ਹੀ ਥੋੜਾ ਬਹੁਤ ਤੁਰ ਫਿਰ ਸਕਦਾ ਸੀ। ਬੱਚੇ ਵਲ ਦੇਖ ਕੇ ਮਾਪਿਆਂ ਦੀ ਧਾਹ ਨਿਕਲਦੀ ਸੀ। ਦੁਖੀ ਮਨ ਵਹਿਮਾਂ ਭਰਮਾਂ ਚ ਭਟਕਣ ਲੱਗ ਪਿਆ। ਪਿੰਡ ਵਿੱਚ ਕਈ ਦਿਨਾਂ ਤੋਂ ਇੱਕ ਜਾਣ ਪਹਿਚਾਣ ਵਾਲੇ ਘਰ ਚ ਇੱਕ ਸਾਧੂ ਬਾਬਾ ਆਸਣ ਜਮਾਂ ਕੇ ਬੈਠਾ ਸੀ। ਸਾਡੇ ਗੁਆਂਢੀ ਵੀ ਆਪਣੇ ਦੋਹਤੇ ਨੀਰੇ ਦੀ ਫਰਿਆਦ ਲੈ ਕੇ ਬਾਬੇ ਕੋਲ ਜਾ ਹਾਜ਼ਰ ਹੋਏ।

ਗੱਲਾਂ ਨਾਲ ਲੋਕਾਂ ਨੂੰ ਠੱਗਣ ਵਾਲੇ ਬਾਬੇ ਨੇ, ਉਨ੍ਹਾਂ ਨੂੰ ਆਪਣੀਆਂ ਗੱਲਾਂ ਚ ਐਸਾ ਉਲਝਾਇਆ ਕਿ ਉਹ ਬਾਬੇ ਦੀ ਹਰ ਗੱਲ ਮੰਨਣ ਨੂੰ ਤਿਆਰ ਹੋ ਗਏ। ਬਾਬੇ ਦਾ ਕਹਿਣਾ ਸੀ ਕਿ ਇੱਕੀ ਦਿਨ ਦੇਸੀ ਘੀ ਦਾ ਹਵਨ ਕੀਤਾ ਜਾਵੇਗਾ, ਤੇ ਇੱਕੀਵੇਂ ਦਿਨ ਨੀਰਾ ਘੋੜੇ ਵਾਂਗ ਦੌੜੇ ਗਾ। ਹਵਨ ਸ਼ੁਰੂ ਹੋ ਗਿਆ। ਦੇਸੀ ਘੀ, ਸੁੱਕੇ ਮੇਵੇ ਹੋਰ ਪਤਾ ਨਹੀਂ ਕੀ ਕੀ ਬਾਬਾ ਮੰਗਵਾਉਣ ਲੱਗ ਪਿਆ। ਸਾਰੇ ਪਿੰਡ ਚ ਇਸ ਹਵਨ ਦੀ ਚਰਚਾ ਹੋਣ ਲੱਗ ਪਈ। ਆਖਿਰ ਇੱਕਵੀ ਰਾਤ ਵੀ ਆ ਗਈ। ( ਹਵਨ ਸਾਂਮ 7 ਵਜੇ ਤੋਂ ਰਾਤ 10 ਵਜੇ ਤੱਕ ਚਲਦਾ ਸੀ।) ਹੋਰ ਲੋਕਾਂ ਦੇ ਨਾਲ ਪਿੰਡ ਦੇ ਕਈ ਨੋਜਵਾਨ ਵੀ ਹਵਨ ਚ ਪਹੁੰਚ ਗਏ ਸਨ। ਹਵਨ ਚੱਲ ਰਿਹਾ ਸੀ। ਹਾਜ਼ਰ ਲੋਕਾਂ ਦੇ ਦਿਲ ਦੀਆਂ ਧੜਕਣਾਂ ਤੇਜ਼ ਹੁੰਦੀਆਂ ਜਾ ਰਹੀਆਂ ਸਨ ਕਿ ਅੱਗੇ ਕੀ ਹੋਵੇਗਾ। ਅਚਾਨਕ ਬਾਬੇ ਨੇ ਮੰਤਰ ਪੜਨੇ ਬੰਦ ਕਰ ਦਿੱਤੇ। ਨੀਰਾ ਕਿੱਥੇ ਹੈ? ਬਾਬੇ ਨੇ ਪੁਛਿਆ। ਉਹ ਤਾਂ ਜੀ ਆਪਣੇ ਪਿੰਡ ਹੈ। ਨੀਰੇ ਦੇ ਨਾਨਾ ਨਾਨੀ ਹੱਥ ਜੋੜ ਕੇ ਖੜੇ ਸਨ। ਇੱਕ ਮੋਟੀ ਤੇ ਗੰਦੀ ਗਾਲ੍ਹ ਕੱਢਦਿਆਂ ਬਾਬੇ ਨੇ ਫਿਰ ਪੁਛਿਆ, " ਅੱਜ ਇੱਕੀਵਾਂ ਦਿਨ ਸੀ, ਤੁਸੀਂ ਉਸ ਨੂੰ ਇੱਥੇ ਕਿਉਂ ਨਹੀਂ ਲੈ ਕੇ ਆਏ? "

" ਬਾਬਾ ਜੀ ਤੁਸੀਂ ਹੀ ਕਿਹਾ ਕਿ ਉਸ ਨੂੰ ਇੱਥੇ ਆਉਣ ਦੀ ਜਰੂਰਤ ਨਹੀਂ ਹੈ। "



ਇਹ ਗੱਲ ਸੁਣਦੇ ਹੀ ਬਾਬੇ ਦਾ ਗੁੱਸਾ ਅਸਮਾਨੀ ਚੜ੍ਹ ਗਿਆ। ਨਾਲ ਹੀ ਗੰਦੀਆਂ ਗਾਲਾਂ ਦੀ ਬਰਸਾਤ ਲਾ ਦਿੱਤੀ। ਉੱਥੇ ਖੜੇ ਨੋਜਵਾਨਾਂ ਦਾ ਖੂਨ ਉਬਾਲੇ ਮਾਰਨ ਲੱਗਾ। ਪਰ ਬਜੁਰਗਾਂ ਦੀ ਘੂਰੀ ਦੇਖ ਕੇ ਚੁੱਪ ਸਨ। ਕੋਈ ਹੋਰ ਉਪਾਅ? ਨੀਰੇ ਦੇ ਨਾਨਾ ਨਾਨੀ ਨੇ ਹੱਥ ਜੋੜੇ। ਇੱਕ ਉਪਾਅ ਹੈ, ਸੱਤ ਤਰ੍ਹਾਂ ਦਾ ਲੰਗਰ ਤਿਆਰ ਕਰ ਕੇ ਰੇਹੜੀ/ ਗੱਡੇ ਤੇ ਲੱਦ ਲਓ। ਇੱਥੋਂ ਲੰਗਰ ਵਰਤਾਉਂਦੇ ਨੀਰੇ ਦੇ ਪਿੰਡ ਜਾਣਾਂ, ਰਸਤੇ ਵਿੱਚ ਕਿਤੇ ਲੰਗਰ ਮੁੱਕਣਾਂ ਨਹੀਂ ਚਾਹੀਦਾ। 14 ਕਿਲੋਮੀਟਰ ਨੀਰੇ ਦਾ ਪਿੰਡ, ਨਾਨਾ ਨਾਨੀ ਨੇ ਫਿਰ ਹੱਥ ਜੋੜੇ। ਗੰਦੀਆਂ ਗਾਲਾਂ ਦਿੰਦੇ ਬਾਬੇ ਨੇ ਹਵਨ ਵਾਲੇ ਧੂਣੇ ਵਿੱਚ ਪਾਣੀ ਪਾ ਦਿੱਤਾ।" ਹੁਣ ਨੀਰਾ ਠੀਕ ਨਹੀਂ ਹੋ ਸਕਦਾ। "

ਨੋਜਵਾਨਾਂ ਦਾ ਧੀਰਜ ਜੁਆਬ ਦੇ ਗਿਆ। ਉਹ ਪਖੰਡੀ ਬਾਬੇ ਵਲ ਵਧੇ। ਬਜ਼ੁਰਗ, ਬਾਬੇ ਦਾ ਬਚਾਅ ਕਰਨ ਆਏ। ਮੌਕੇ ਦੀ ਨਜ਼ਾਕਤ ਦੇਖ ਬਾਬੇ ਨੇ ਪੈਂਤੜਾ ਬਦਲਿਆ। " ਅਸੀਂ ਸਰੀਰ ਤਿਆਗਾਂ ਗੇ। ਸਾਡੇ ਸਰੀਰ ਦੀ ਊਰਜਾ ਨੀਰੇ ਦੇ ਸਰੀਰ ਚ ਦਾਖਲ ਹੋ ਕੇ ਨੀਰੇ ਦਾ ਕਲਿਆਣ ਕਰੇ ਗੀ। ਪਰ ਤੁਹਾਨੂੰ ਸਾਡੀ ਸਮਾਧੀ ਬਣਾਉਣੀ ਹੋਵੇਗੀ।" ਬਾਬਾ ਨੇ ਉੱਚੀ ਅਵਾਜ਼ ਚ ਕਿਹਾ ਤਾਂ ਕਿ ਉਹ ਸਾਰੇ ਸੁਣ ਲੈਣ। ਬਜ਼ੁਰਗ ਇੱਕ ਵਾਰ ਫਿਰ ਹੱਥ ਜੋੜਨ ਲੱਗੇ, ਕਿ ਨਹੀਂ ਬਾਬਾ ਅਸੀਂ ਤੁਹਾਨੂੰ ਨਹੀਂ ਮਰਨ ਦਿਆਂ ਗੇ। ਪਰ ਨੌਜਵਾਨ ਅੱਗੇ ਆ ਗਏ, " ਤੂੰ ਮਰਨਾ, ਮਰ ਜਾ। ਨੀਰਾ ਠੀਕ ਹੋਣਾ ਚਾਹੀਦਾ। ਤੂੰ ਮਰ, ਅਸੀਂ ਤੇਰੀ ਸਮਾਧ ਵੀ ਬਣਾਵਾਂਗੇ, ਹਰ ਸਾਲ ਤੇਰੀ ਬਰਸੀ ਤੇ ਲੰਗਰ ਵੀ ਲਾਵਾਂਗੇ। ਤੂੰ ਨੀਰੇ ਨੂੰ ਠੀਕ ਕਰ।" ਮੁੰਡੇ ਬਾਬੇ ਵਲ ਵਧੇ। ਐਨ ਉਸੀ ਸਮੇਂ ਬਿਜਲੀ ਕੱਟੀ ਗਈ। ਬਾਬੇ ਨੇ ਮੌਕਾ ਵਿਚਾਰਿਆ, ਮੁੰਡਿਆਂ ਦੀਆਂ ਲੱਤਾਂ ਵਿੱਚੋਂ ਨਿਕਲ ਕੇ ਰਫੂਚੱਕਰ ਹੋ ਗਿਆ। ਲਾਲ-ਟੇਨ ਜਲਾਈ, ਆਸੇ ਪਾਸੇ ਬਾਬੇ ਨੂੰ ਬਹੁਤ ਲੱਭਿਆ। ਪਰ ਬਾਬਾ ਨਾਂ ਲੱਭਿਆ। ਤੇ ਬਜ਼ੁਰਗ ਨੀਰੇ ਦੇ ਨਾਨਾ ਨਾਨੀ ਨੂੰ ਅੱਗੇ ਤੋਂ ਵਹਿਮਾਂ ਭਰਮਾਂ ਚ ਨਾ ਪੈਣ ਦੀਆਂ ਮੱਤਾਂ ਦੇ ਰਹੇ ਸਨ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# ਆਪ ਮੰਤਰੀ ਮੰਡਲ ਵਿੱਚ ਮਿਲੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੂੰ ਥਾਂ

ਆਪ ਸਰਕਾਰ ਨੂੰ ਤਕਰੀਬਨ ਬਣੇ ਤਿੰਨ ਸਾਲ ਹੋ ਚੁੱਕੇ ਹਨ। ਡੇਰਾ ਬੱਸੀ ਤੋਂ ਮੌਜੂਦਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵਿਧਾਨ ਸਭਾ ਵਿੱਚ ਅਹਿਮ ਮੁੱਦੇ ਚੁੱਕੇ ਹਨ। ਪਾਣੀਆਂ ਦਾ ਮੁੱਦਾ ਵਿਸ਼ੇਸ਼ ਕਰਕੇ ਉਨਾਂ ਨੇ ਵਿਧਾਨ ਸਭਾ ਵਿੱਚ ਚੁੱਕਿਆ ਹੈ। ਨਹਿਰੀ ਪਾਣੀ ਹਲਕੇ ਨੂੰ ਮਿਲੇ ਇਹ ਉਨਾਂ ਦੀ ਸ਼ੁਰੂ ਤੋਂ ਹੀ ਪਹਿਲ ਰਹੀ ਹੈ। ਹਰ ਹਲਕੇ ਦੇ ਉਮੀਦਵਾਰ ਨੇ ਆਪਣੇ ਹਲਕੇ ਦੀ ਸਮੱਸਿਆਵਾਂ ਬਾਰੇ ਸਪੀਕਰ ਸਾਹਿਬ ਨੂੰ ਜਾਣੂੰ ਕਰਵਾਇਆ। ਆਮ ਆਦਮੀ ਪਾਰਟੀ ਦੇ 94 ਵਿਧਾਇਕ ਵਿਧਾਨ ਸਭਾ ਵਿੱਚ ਪੁੱਜੇ। ਜ਼ਿਆਦਾਤਰ ਨਵੇਂ ਚਿਹਰਿਆਂ ਨੇ ਵਿਧਾਨ ਸਭਾ ਦੀਆਂ ਪਹਿਲੀ ਵਾਰ ਪੌੜੀਆਂ ਚੜ੍ਹੀਆ ਸਨ। ਡੇਰਾਬੱਸੀ ਹਲਕੇ ਤੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਜੀ ਨੇ ਆਪਣੇ ਹਲਕੇ ਦੀ ਸਮੱਸਿਆਵਾਂ ਬਾਰੇ ਸਪੀਕਰ ਸਾਹਿਬ ਮੂਹਰੇ ਚਾਨਣਾ ਪਾਇਆ। ਲੋਕਾਂ ਨੂੰ ਬਹੁਤ ਉਮੀਦ ਹੈ ਕਿ ਰੰਧਾਵਾ ਸਾਹਿਬ ਹਲਕੇ ਦਾ ਬਹੁਤ ਚੰਗੀ ਤਰ੍ਹਾਂ ਵਿਕਾਸ ਕਰਨਗੇ। ਤਕਰੀਬਨ ਤਿੰਨ ਸਾਲਾਂ ਵਿੱਚ ਰੰਧਾਵਾ ਸਾਹਿਬ ਜੀ ਨੇ ਹਲਕੇ ਵਿੱਚ ਬਹੁਤ ਵਧੀਆ ਕੰਮ ਕੀਤੇ ਹਨ। ਜੋ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਧਰਤੀ ਵਿਚ ਛੱਡ ਰਹੇ ਹਨ, ਉਨ੍ਹਾਂ ਤੇ ਕਾਰਵਾਈ ਕੀਤੀ ਹੈ ਅਤੇ ਉਨ੍ਹਾਂ ਦੇ ਪਾਣੀ ਦੇ ਸੈਂਪਲ ਭੇਜੇ ਹਨ। ਜ਼ਹਿਰੀਲੇ ਪਾਣੀ ਦਾ ਟੈਂਕਰ ਵੀ ਫੜਿਆ ਸੀ। ਹਲਕਾ ਵਿਧਾਇਕ ਜੀ ਨੇ ਕਈ ਅਹਿਮ ਮੁੱਦੇ ਵਿਧਾਨ ਸਭਾ ਵਿੱਚ ਚੁੱਕੇ ਜੋ ਅੱਜ ਤਕ ਕਿਸੇ ਵਿਧਾਇਕ ਨੇ ਨਹੀਂ ਚੁੱਕੇ। ਕੁਲਜੀਤ ਸਿੰਘ ਰੰਧਾਵਾ ਜੀ ਨੇ ਸਭ ਤੋਂ ਪਹਿਲਾਂ ਟ੍ਰੈਫਿਕ ਸਮੱਸਿਆ ਬਾਰੇ ਜ਼ਿਕਰ ਕੀਤਾ। ਡੇਰਾਬੱਸੀ ਤੋਂ ਚੰਡੀਗੜ੍ਹ ਜਾਣ ਲਈ ਅੱਧਾ ਕੁ ਘੰਟਾ ਹੀ ਮੁਸ਼ਕਲ ਨਾਲ ਲੱਗਦਾ ਸੀ। ਪਰ ਜਦੋਂ ਇਹ ਨਵੇਂ ਫਲਾਈਓਵਰ ਦਾ ਕੰਮ ਸ਼ੁਰੂ ਹੋਇਆ , ਟ੍ਰੈਫਿਕ ਇਕ ਅਹਿਮ ਸਮੱਸਿਆ ਜਿਹੀ ਬਣ ਚੁੱਕੀ ਸੀ। ਜ਼ੀਰਕਪੁਰ ਪੁੱਜ ਕੇ ਘੱਟੋ-ਘੱਟ ਇੱਕ ਘੰਟਾ ਟਰੈਫਿਕ ਵਿਚੋਂ ਨਿਕਲਣਾ ਪੈਂਦਾ ਸੀ। ਹਾਲਾਂਕਿ ਭਾਰੀ ਵਹੀਕਲਜ਼ ਦਾ ਡੇਰਾ ਬੱਸੀ ਤੋਂ ਰੂਟ ਵੀ ਬਦਲਿਆ ਹੋਇਆ ਸੀ। ਨਵੇਂ ਫਲਾਈਓਵਰਾਂ ਦੀ ਉਸਾਰੀ ਕਾਰਨ ਇਹ ਸਮੱਸਿਆ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਸੀ। ਕਈ ਵਾਰ ਤਾਂ ਐਂਬੂਲੈਂਸਾਂ ਵੀ ਜਾਮ ਵਿੱਚ ਫਸੀਆਂ ਹੋਈਆਂ ਦੇਖੀਆਂ ਜਾਂਦੀਆਂ ਸਨ। ਸਮੇਂ ਸਿਰ ਮਰੀਜ਼ ਹਸਪਤਾਲ ਨਾ ਪੁੱਜਣ ਕਾਰਨ ਰਾਸਤੇ ਵਿੱਚ ਹੀ ਦਮ ਤੋੜ ਜਾਂਦੇ ਸਨ।ਹਲਕਾ ਵਿਧਾਇਕ ਜੀ ਨੇ ਸਪੀਕਰ ਸਾਹਿਬ ਨੂੰ ਦੱਸਿਆ ਕਿ ਛੱਤ ਤੋਂ ਕਾਜਵੇਅ(ਛੋਟਾ ਪੁੱਲ) ਬਣਾ ਕੇ ਟਰੈਫਿਕ ਸਮੱਸਿਆ ਤੋਂ ਨਿਜ਼ਾਤ ਮਿਲ ਸਕਦੀ ਹੈ। ਅਗਲਾ ਮੁੱਦਾ ਟਰਾਂਸਪੋਰਟਰਾਂ ਦਾ ਉਠਾਇਆ ਜੋ ਕਿ ਇਹ ਵੀ ਅਹਿਮ ਹੈ। ਰੰਧਾਵਾ ਸਾਬ ਜੀ ਨੇ ਸਪੀਕਰ ਸਾਹਿਬ ਨੂੰ ਕਿਹਾ ਕਿ ਨਵੀਂ ਟਰਾਂਸਪੋਰਟ ਨੀਤੀ ਬਣਾ ਕੇ ਟਰਾਂਸਪੋਟਰਾਂ ਦਾ ਵਧੀਆ ਕਾਰੋਬ-ਾਰ ਚਲ ਸਕਦਾ ਹੈ। ਸਾਰਿਆਂ ਨੂੰ ਪਤਾ ਹੈ ਕਿ ਡੇਰਾਬੱਸੀ ਖੇਤਰ ਵਿੱਚ ਵੀ ਕੈਂਸਰ ਦੀ ਮਾਰ ਪੈ ਰਹੀ ਹੈ। ਹਲਕੇ ਦੇ ਕਈ ਅਜਿਹੇ ਪਿੰਡ ਹਨ ਜਿਨ੍ਹਾਂ ਵਿੱਚ ਕਈ ਕੈਂਸਰ ਪ੍ਰਭਾਵਿਤ ਲੋਕ ਹਨ। ਫੈਕਟਰੀਆਂ ਦੀ ਰਹਿੰਦ-ਖੂੰਹਦ ਨੂੰ ਧਰਤੀ ਵਿੱਚ ਦਬਾਇਆ ਜਾ ਰਿਹਾ ਹੈ। ਰੰਧਾਵਾ ਸਾਹਿਬ ਜੀ ਨੇ ਫੈਕਟਰੀਆਂ ਦੇ ਸੈਂਪਲ ਭਰੇ ਸਨ। ਤੇ ਉਹ ਸੈਂਪਲ ਟੈਸਟਿੰਗ ਲਈ ਪ੍ਰਦੂਸ਼ਣ ਬੋਰਡ ਕੰਟਰੋਲ ਨੂੰ ਵੀ ਭੇਜੇ ਸਨ। ਕਈ



ਫੈਕਟਰੀਆਂ ਵਿੱਚ ਦਾ ਜ਼ਹਿਰੀਲੇ ਪਾਣੀ ਨੂੰ ਧਰਤੀ ਵਿੱਚ ਛੱਡਿਆ ਜਾ ਰਿਹਾ ਸੀ। ਹਲਕਾ ਵਿਧਾਇਕ ਨੇ ਇਹ ਬਹੁਤ ਵਧੀਆ ਮੁੱਦਾ ਵਿਧਾਨ ਸਭਾ ਵਿੱਚ ਚੁੱਕਿਆ। ਪੀਣ ਵਾਲਾ ਪਾਣੀ ਪੀਣ ਯੋਗ ਵੀ ਨਹੀਂ ਰਿਹਾ ਹੈ। ਘੱਗਰ ਦਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਇਹ ਘੱਗਰ ਹਲਕਾ ਘਨੌਰ ਤੱਕ ਜਾਂਦਾ ਹੈ। ਰੰਧਾਵਾ ਸਾਬ ਨੇ ਪੱਲਾ ਅੱਡ ਕੇ ਸਪੀਕਰ ਸਾਹਿਬ ਤੋਂ ਮੰਗ ਕੀਤੀ ਕਿ ਮੇਰੀ ਝੋਲੀ ਵਿੱਚ ਮੇਰੇ ਹਲਕੇ ਲਈ ਸਾਫ਼ ਪਾਣੀ ਪਾ ਦਿਓ। ਤਾਂ ਜੋ ਲੋਕਾਂ ਨੂੰ ਪ੍ਰਦੂਸ਼ਣ ਦੀ ਸਮੱਸਿਆ ਤੋਂ ਨਿਜ਼ਾਤ ਮਿਲ ਸਕੇ ਤੇ ਫੈਕਟਰੀਆਂ ਤੇ ਢੁਕਵੀਂ ਕਾਰਵਾਈ ਕਰੋ। ਪੂਰੇ ਹਲਕੇ ਵਿੱਚ ਤਕਰੀਬਨ ਹਰ ਵਾਰਡ ਵਿੱਚ ਡੂੰਘੇ ਬੋਰ ਕਰਵਾ ਦਿੱਤੇ ਹਨ ਤਾਂ ਜੋ ਲੋਕਾਂ ਨੂੰ ਪਾਣੀ ਦੀ ਸਮੱਸਿਆ ਨਾ ਆ ਸਕੇ। ਸਰਕਾਰੀ ਕਾਲਜ ਡੇਰਾਬੱਸੀ ਦਾ ਮੁੱਦਾ ਉਠਾਇਆ, ਜੋ ਵੀ ਇਮਾਰਤ ਅਧੂਰੀ ਸੀ ।ਉਸ ਨੂੰ ਪੂਰਾ ਕਰਨ ਲਈ ਸਪੀਕਰ ਸਾਹਿਬ ਰਾਹੀਂ ਪੰਜਾਬ ਸਰਕਾਰ ਦਾ ਸਹਿਯੋਗ ਮੰਗਿਆ। ਡੇਰਾਬੱਸੀ ਬਰਵਾਲਾ ਰੋਡ ਦੀ ਹਾਲਤ ਬਹੁਤ ਖਸਤਾ ਸੀ । ਸੜਕ ਵਿੱਚ ਡੂੰਘੇ ਟੋਏ ਸਨ। ਹਰ ਰੋਜ਼ ਕੋਈ ਨਾ ਕੋਈ ਦੁਰਘਟਨਾ ਵਾਪਰ ਰਹੀ ਸੀ। ਦੋ ਪਹੀਆ ਤੇ ਸਫ਼ਰ ਕਰਨ ਵਾਲੇ ਹਰ ਰੋਜ਼ ਕਿਸੇ ਨਾ ਕਿਸੇ ਹਾਦਸੇ ਦਾ ਸ਼ਿਕਾਰ ਹੋ ਰਹੇ ਸਨ। ਪੰਜਾਬ ਸਰਕਾਰ ਨੇ ਜਲਦੀ ਹੀ ਇਸ ਸੜਕ ਦਾ ਕੰਮ ਸ਼ੁਰੂ ਕਰਾਉਣ ਲਈ ਰੰਧਾਵਾ ਸਾਹਿਬ ਨੂੰ ਹਾਮੀ ਭਰੀ ਸੀ। ਅੱਜ ਬਰਵਾਲਾ ਰੋਡ ਤਿਆਰ ਹੋ ਚੁੱਕਿਆ ਹੈ। ਉਮੀਦ ਹੈ ਕਿ ਆਉਂਦੇ ਸੈਸ਼ਨ ਵਿੱਚ ਵੀ ਰੰਧਾਵਾ ਸਾਹਿਬ ਹਲਕੇ ਦੀਆਂ ਸਮੱਸਿਆਵਾਂ ਬਾਰੇ ਸਪੀਕਰ ਸਾਹਿਬ ਜੀ ਨੂੰ ਜਾਣੂੰ ਕਰਵਾਉਣਗੇ। ਵੈਸੇ ਵੀ ਹਲਕਾ ਵਿਧਾਇਕ ਹਰ ਰੋਜ਼ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਰਹਿੰਦੇ ਹਨ। ਤੇ ਉਨ੍ਹਾਂ ਸਮੱਸਿਆਵਾਂ ਦਾ ਨਿਪਟਾਰਾ ਨਾਲ ਦੀ ਨਾਲ ਵੀ ਕਰਦੇ ਰਹਿੰਦੇ ਹਨ। ਹਲਕੇ ਦੇ ਲੋਕਾਂ ਨੂੰ ਰੰਧਾਵਾ ਸਾਹਿਬ ਤੋਂ ਬਹੁਤ ਉਮੀਦਾਂ ਹਨ। ਹਲਕਾ ਵਾਸੀਆਂ ਨੂੰ ਉਮੀਦ ਹੈ ਕਿ ਬਹੁਤ ਜਲਦ ਰੰਧਾਵਾ ਸਾਬ ਹਲਕੇ ਲਈ ਨਵੇਂ ਪ੍ਰਾਜੈਕਟ ਲੈ ਕੇ ਆਉਣਗੇ, ਤੇ ਨੌਜਵਾਨਾਂ ਨੂੰ ਵਧੀਆ ਰੋਜ਼ਗਾਰ ਮਿਲੇਗਾ । ਅੱਜ ਸਾਰੇ ਹਲਕੇ ਦੇ ਲੋਕਾਂ ਦੀਆਂ ਨਜ਼ਰਾਂ ਪੰਜਾਬ ਸਰਕਾਰ ਤੇ ਟਿਕੀਆਂ ਹੋਈਆਂ ਹਨ ਕਿ ਉਨ ਨੂੰ ਕੈਬਨਿਟ ਵਿੱਚ ਥਾਂ ਮਿਲੇ। ਤਾਂ ਜੋ ਹਲਕੇ ਦਾ ਹੋਰ ਵਿਕਾਸ ਹੋ ਸਕੇ।



**ਸੰਜੀਵ ਸਿੰਘ ਸੈਣੀ, ਮੋਹਾਲੀ**
**7888966168**

# ਕਹਾਣੀ ਆਲਾ ਕੀੜਾ

ਨੀ ਕਿੱਥੇ ਲਾ ਆਈ ਇੰਨੇ ਦਿਨ ? ਪਾਰਕ ਚ ਬੈਠੀ ਕਰੀਮ ਰੰਗ ਦੇ ਸੂਟ ਆਲੀ ਮਾਤਾ ਨੇ ਸੁਨਹਿਰੀ ਫਰੇਮ ਵਾਲੀਆਂ ਐਨਕਾਂ ਵਾਲੀ ਸੋਹਣੀ ਜਿਹੀ ਬੀਬੀ ਨੂੰ ਪੁਛਿਆ। ਭੈਣੇ ਮੈ ਤਾਂ ਆਪਣੀਆਂ ਧੀਆਂ ਕੋਲ ਕਨੇਡਾ ਗਈ ਸੀ। ਦੋ ਮਹੀਨੇ ਲਾ ਆਈ। ਹੁਣ ਸਾਲ ਸੋਖਾ ਲੰਘ ਜੂ। ਏਥੇ ਕੱਲੀ ਦਾ ਜੀ ਵੀ ਨਹੀ ਲੱਗਦਾ। ਰੱਬ ਨੇ ਮੁੰਡਾ ਦਿੱਤਾ ਹੁੰਦਾ ਤਾਂ ਬੁਢਾਪਾ ਸੋਖਾ ਕੱਟ ਲੈਂਦੀ। ਪਰ ਭਾਈ ਮੇਰੀਆਂ ਤਾਂ ਕੁੜੀਆਂ ਹੀ ਮੁੰਡਿਆਂ ਤੋ ਵੀ ਵੱਧ ਹਨ। ਸਵੇਰੇ ਸਾਮ ਫੋਨ ਕਰਦੀਆਂ ਹਨ। ਸੋਹਣੀ ਜਿਹੀ ਮਾਈ ਦਾ ਜਬਾਬ ਸੁਣ ਕੇ ਦੂਜੀਆਂ ਨੇ ਵੀ ਚੰਗਾ ਹੈ ਆਖਕੇ ਹੁੰਗਾਰਾ ਭਰਿਆ। ਭੈਣੇ ਸੋਡੇ ਸੁਣਾਓ। ਕੀ ਹਾਲ ਹੈ। ਕੋਈ ਨਵੀ ਤਾਜੀ । ਤੂੰ ਸੁਣਾ ਭੈਣੇ ਕੀ ਹਾਲ ਹੈ ਤੇਰੇ ਮੁੰਡੇ ਦਾ? ਕੁਝ ਸੁਧਰਿਆ ਕੇ ਓਹੀ ਰੰਡੀ ਰੋਣਾ ਚੱਲੀ ਜਾਂਦਾ ਹੈ? ਉਸਨੇ ਕਰੀਮ ਸੂਟ ਆਲੀ ਮਾਈ ਨੂੰ ਪੁਛਿਆ ।

ਬਸ ਭੈਣੇ ਕੀ ਦੱਸਾਂ? ਮੁੰਡਾ ਨਸ਼ੇ ਨੇ ਖਾ ਲਿਆ ਤੇ ਨੂੰਹ ਉਂਜ ਕਪੱਤੀ ਹੈ। ਬਸ ਓਹੀ ਕਾਟੋ ਕਲੇਸ. ਰਹਿੰਦਾ ਹੈ। ਜਿੱਦੇ ਮੈਨੂੰ ਕਿਰਾਇਆ ਮਿਲੂ ਕੋਠੀ ਦਾ ਉਸ ਦਿਨ ਤਾਂ ਮਾਂ ਜੀ ਮਾਂ ਜੀ ਕਰੂ। ਫਿਰ ਬਹਾਨੇ ਜਿਹੇ ਨਾਲ ਪੈਸੇ ਲੈਂਕੇ ਸਾਰਾ ਮਹੀਨਾ ਕੁੱਤੇ ਲਕਾਉੱਦੀ ਹੈ। ਬਸ ਵਾਗੁਰੂ ਵਾਗਰੂ ਕਰਕੇ ਟੈਮ ਪਾਸ ਕਰੀਦਾ ਹੈ। ਨਾ ਕਦੇ ਪੁਛੇ ਮਾਤਾ ਤੇਰਾ ਕੀ ਦੁੱਖਦਾ ਹੈ । ਰੋਟੀ ਖਾ ਲਈ ਕੇ ਨਹੀ ? ਪਕਾ ਕੇ ਰੱਖ ਦਿੰਦੀ ਹੈ ਜਦੋ ਕਾਲਜਾ ਡੁੱਬਦਾ ਹੈ ਮੈ ਆਪੇ ਕੱਢ ਕੇ ਖਾ ਲੈਂਦੀ ਹਾਂ। ਚੱਲ ਮਾਲਿਕਾ ਜਿਵੇ ਤੇਰੀ ਮਰਜੀ। ਕਹਿਕੇ ਮਾਈ ਨੇ ਸੱਜੇ ਹੱਥ ਦੀ ਤਲੀ ਨਾਲ ਅੱਖਾਂ ਚ ਆਇਆ ਪਾਣੀ ਪੂੰਝਿਆ।

ੀ ਨੰਜਾ ਨੰਬਰ ਆਲੀ ਨਹੀ ਆਈ ਅੱਜ ? ਠੀਕ ਤਾਂ ਹੈ ਉਹ? ਆਉਂਦੀ ਵੀ ਹੈ ਕਿ ਛੱਡ ਗਈ ਆਉਣਾ? ਮੈਨੂੰ ਤਾਂ ਕਨੇਡਾ ਬੈਠੀ ਨੂੰ ਵੀ ਓਹਦਾ ਸੰਸਾ ਲੱਗਿਆ ਰਿਹਾ। ਭੈਣ ਜੀ ਭੈਣ ਜੀ ਕਰਦੀ ਰਹਿੰਦੀ ਹੈ। ਮੈ ਤਾਂ ਉਥੇ ਬੈਠੀ ਨੇ ਵੀ ਇੱਕ ਦਿਨ ਓਹਦਾ ਫੂਨ ਮਿਲਾਇਆ। ਪਰ ਉਸਨੇ ਚੁੱਕਿਆ ਨਹੀ। ਤੇ ਫਿਰ ਮੈ ਉਸ ਦੀ ਕੁੜੀ ਨੂੰ ਫੂਨ ਤੇ ਹੀ ਪੁਛਿਆ। ਓਦੋਂ ਤਾਂ ਭਾਈ ਠੀਕ ਸੀ। ਅਜੇ ਉਹ ਦੱਸ ਹੀ ਰਹੀ ਸੀ ਕਿ ਨਾਲ ਦੀ ਬੋਲੀ ਲੈ ਉਹ ਆਗੀ ਤੇਰੀ ਨੰਜਾ ਨੰਬਰ ਵਾਲੀ ਸਕੀ । ਤੇ ਸਾਰੀਆਂ ਉਧਰ ਝਾਕਣ ਲੱਗ ਪਈਆਂ।

ਕਈ ਦਿਨਾਂ ਦੀ ਕੋਈ ਕਹਾਣੀ ਨਹੀ ਸੀ ਲਿਖੀ ਮੈਂ । ਤੇ ਮੇਰੇ ਅੰਦਰ ਕਹਾਣੀ ਆਲਾ ਕੀੜਾ ਡੰਗ ਮਾਰ ਰਿਹਾ ਸੀ। ਘਰੇ ਵੀ ਕੋਈ ਕੰਮ ਨਹੀ ਸੀ । ਵਿਹਲੇ ਬੈਠੇ ਐਵੇ ਲੜਾਂਗੇ ਹੀ। ਸੋਚ ਕੇ ਮੈ ਅੱਜ ਸਾਮੀ ਘਰੋ ਨਿੱਕਲ ਕੇ ਮਾਡਲ ਟਾਊਣ ਵਾਲੇ ਪਾਰਕ ਚ ਆ ਗਿਆ ਸੀ। ਸੋਚਿਆ ਛੋਟਾ ਜਿਹਾ ਪਾਰਕ ਹੈ । ਲਗਭਗ ਸੁੰਨਸਾਨ ਜਿਹਾ ਹੀ ਹੁੰਦਾ ਹੈ। ਬਹੁਤੀ ਕਾਂਵਾਂਰੋਲੀ ਜਿਹੀ ਨਹੀ ਹੁੰਦੀ। ਸਾਂਤ ਚਿੱਤ ਹੋ ਕੇ ਕਿਸੇ ਕਹਾਣੀ ਬਾਰੇ ਸੋਚਾਂਗੇ। ਪਰ ਇੱਥੇ ਤਾਂ ਆਹ ਵਿਹਲੜ ਮਾਈਆਂ ਨੇ ਆਪਣਾ ਮਜਮਾਂ ਲਾਇਆ ਹੋਇਆ ਸੀ। ਅਖੇ ਜਦੋ ਘਰੇ ਚੈਨ ਨਾ ਹੋਵੇ ਤਾਂ ਬਾਹਰ ਵੀ ਨਹੀ ਮਿਲਦਾ। ਕਿਹੜੀ ਕਹਾਣੀ, ਇਹਨਾ ਦੀ ਤਾਂ ਆਪਣੀ ਰਾਮ ਕਹਾਣੀ ਨਹੀ ਮੁਕਣੀ। ਇਹ ਚਾਰ ਹੀ ਵਾਧੂ ਸਨ ਤੇ ਹੁਣ ਪੰਜਵੀ ਹੋਰ ਆਉਦੀ ਪਈ ਹੈ ਸੋਟੀ ਜਿਹੀ ਲਈ। ਹੁਣ ਇਹ ਆਪਣੀ ਕਥਾ ਸੁਣਾਊਗੀ। ਚਲ ਮਨਾ ਚੱਲ ਕਿਤੇ ਹੋਰ ਡੇਰੇ ਲਾਉਣੇ ਹਾਂ। ਉਠਣ ਹੀ ਲੱਗਾ ਸੀ ਕਿ ਉਹ ਨੰਜਾ ਨੰਬਰ ਵਾਲੀ ਵੀ ਆ ਗਈ ਤੇ ਸਾਰਿਆਂ ਨਾਲ ਰਾਮ ਰਾਮ ਫਿਰ ਸੁਰੂ ਹੋ ਗਈ। ਸੋਚਿਆ ਚੱਲ ਬੈਠਾ ਰਹਿ ਚੁੱਪ ਕਰਕੇ ਇੱਥੇ ਹੀ। ਸੁਣ ਇਹਨਾ ਬੁੜੀਆਂ ਦੇ ਦੁੱਖੜੇ।ਮੁੰਡਿਆਂ ਖੁੰਡਿਆਂ ਤੇ ਜਵਾਨ ਕੁੜੀਆਂ ਦੀਆਂ ਗੱਲਾਂ ਤਾਂ ਬਥੇਰੀਆਂ ਸੁਣਦਾ ਹੈ ਕੰਨ ਲਾ ਲਾ ਕੇ। ਅੱਜ ਇਹਨਾ ਦੀਆਂ ਵੀ ਸੁਣ। ਕਈ ਵਾਰੀ ਕਿਸੇ ਮੋਲ ਜਾ ਪਾਰਕ ਵਿੱਚ ਜਾਈਏ ਤਾਂ ਬਥੇਰੇ ਜੋੜੇ ਖੜੇ ਹੁੰਦੇ ਹਨ ਚੋਲ ਮੋਲ ਕਰਦੇ ਤੇ ਉਹਨਾ ਦੀਆਂ ਸੁਨਣ ਦਾ ਵੀ ਮਜਾ ਆਉਦਾ ਹੈ। ਪਰ ਅੱਜ ਇੱਥੋ ਦਾ ਚੁਗਲੀ ਪੁਰਾਣ ਵੀ ਕੋਈ ਘੱਟ ਮਜੇਦਾਰ ਨਹੀ ਸੀ। ਤੇ ਮੇਰੀ ਦਿਲਚਸਪੀ ਵੀ ਇਹਨਾ ਵਿੱਚ ਵੱਧ ਗਈ ਸੀ। ਮਾਈ ਨੇ ਸੋਟੀ ਪਰੇ ਰੱਖ ਦਿੱਤੀ ਤੇ ਸਾਹੋ ਸਾਹ ਹੋਈ ਤੋ ਗੱਲ ਵੀ ਨਹੀ ਸੀ ਹੋ ਰਹੀ। ਪਰ ਐਨਕਾਂ ਵਾਲੀ ਨੂੰ ਦੇਖ ਕੇ ਮਾਈ ਦੇ ਚੇਹਰੇ ਤੇ ਰੋਣਕ ਜਿਹੀ ਆ ਗਈ ਤੇ ਉਹ ਬੈਠੀਆਂ ਬੈਠੀਆਂ ਹੀ ਘੁੱਟ ਕੇ ਮਿਲੀਆਂ । ਜਿਵੇ ਸਕੀਆਂ ਭੈਣਾਂ ਮੁਦਤਾਂ ਬਾਅਦ ਮਿਲੀਆਂ ਹੋਣ।

ਠੀਕ ਹੋ ਭੈਣ ਜੀ ਕਦੋ ਆਏ ਕਨੇਡੇ ਤੋਂ। ਕੁੜੀਆਂ ਤੇ ਜੁਆਕ ਠੀਕ ਸਨ ਸਾਰੇ? ਨੰਜਾ ਨੰਬਰ ਆਲੀ ਨੇ ਸਾਹ ਜਿਹਾ ਲੈ ਕੇ ਇੱਕਠੇ ਹੀ ਕਈ ਸਵਾਲ ਦਾਗ ਦਿੱਤੇ। ਹਾਂ ਭੈਣੇ ਠੀਕ ਹਾਂ ਕਲ੍ਹ ਹੀ ਆਈ ਹਾਂ। ਤੇ ਮਖਿਆ ਸਾਰੀਆਂ ਸਹੇਲੀਆਂ ਨੂੰ ਮਿਲ ਆਵਾਂ । ਮੇਰਾ ਤਾਂ ਓਥੇ ਵੀ ਸੋਡੇ ਬਿਨਾ ਜੀ ਜਿਹਾ ਨਹੀ ਲੱਗਿਆਂ। ਕੁੜੀਆਂ ਕੰਮ ਤੇ ਚਲੀਆਂ ਜਾਂਦੀਆਂ ਸੀ ਤੇ ਮੈ ਕੱਲੀ ਹੀ ਹੁੰਦੀ ਸੀ ਸਾਰਾ ਦਿਨ। ਕੋਈ ਹਾਣ ਹੀ ਨਹੀ ਸੀ। ਹਾਣ ਨੂੰ ਹਾਣ ਹੀ ਪਿਆਰਾ ਹੁੰਦਾ ਹੈ। ਤੇ ਤੁਸੀ ਭੈਣ ਜੀ ਅੱਜ ਖਾਸਾ ਲੇਟ ਹੋ ਗਏ? ਕਨੇਡਾ ਵਾਲੀ ਨੇ ਬੜੇ ਸਲੀਕੇ ਜਿਹੇ ਨਾਲ ਨੰਜਾ ਨੰਬਰ ਵਾਲੀ ਨੂੰ ਪੁਛਿਆ।

ਕੀ ਦੱਸਾਂ ਭੈਣ ਜੀ ਨੂੰਹ ਜਦੋ ਦੀ ਰਟੈਰ ਹੋਈ ਹੈ ਘਰੇ ਘੱਟ ਹੀ ਟਿੱਕਦੀ ਹੈ। ਕਦੇ ਕੁੜੀ ਨੂੰ ਮਿਲਣ ਬੱਗਜੂ ਚੰਦੀਗੜ ਤੇ ਕਦੇ ਮੁੰਡੇ ਕੋਲ ਅੰਬਰਸਰ ਜਾ ਵੜਦੀ ਹੈ। ਫਿਰ ਰੋਟੀ ਟੁੱਕ ਵੀ ਤਾਂ ਕਰਨਾ ਹੋਇਆ। ਮੁੰਡਾ ਵੀ ਸ਼ੈਕਲ ਚੁੱਕ ਕੇ ਬਾਹਰ ਚਲਾ ਜਾਂਦਾ ਹੈ ਅਖੇ ਬੀਜੀ ਮੈ ਕੰਮ ਚੱਲਿਆਂ ਹਾਂ। ਕੋਠੀ ਸੁੰਨੀ ਛੱਡ ਕੇ ਆਇਆ ਨਹੀ ਜਾਂਦਾ। ਬਸ ਕੱਲੀ ਹੀ ਹੁੰਦੀ ਹਾਂ ਸਾਰਾ ਦਿਨ। ਨਾ ਕਿਤੇ ਜਾਣਾ ਨਾ ਕੋਈ ਆਵੇ। ਉਸ ਨੇ ਆਪਣਾ ਦੁਖੜਾ ਰੋਇਆ। ਭੈਣ ਜੀ ਸੋਡੇ ਤਾਂ ਸੁਖ ਨਾਲ ਚਾਰ ਮੁੰਡੇ ਹਨ ਤੇ ਚਾਰੇ ਹੀ ਘਰੋਂ ਚੰਗੇ ਹਨ। ਮਹੀਨਾ ਮਹੀਨਾ ਲਾ ਆਇਆ ਕਰ। ਤੂੰ ਤਾਂ ਐਵੇ ਹੀ ਇੱਥੇ ਬੱਝੀ ਬੈਠੀ ਹੈ। ਕਦੇ ਕੁੜੀ ਕੋਲੇ ਮਿਲ ਆਇਆ ਕਰ ਚਾਰ ਦਿਨ। ਕਨੇਡਾ ਵਾਲੀ ਦੇ ਨਾਲ ਬੈਠੀ ਸੁਕੜ ਜਿਹੀ ਮਾਤਾ ਨੇ ਸਿੱਧੀ ਗੱਲ ਠਾਹ ਮਾਰੀ।

ਨਹੀ ਭੈਣੇ ਐਵੇ ਕਹਿਣ ਦੀਆਂ ਗੱਲਾਂ ਹਨ। ਕੋਈ ਨਹੀ ਚਾਰ ਦਿਨ ਰੱਖਦਾ ਆਵਦੇ ਕੋਲ। ਹਰ ਇੱਕ ਦੀ ਆਪਣੀ ਕਬੀਲਦਾਰੀ ਹੈ। ਕਦੇ ਕਿਸੇ ਨੇ ਸੁਲ੍ਹਾ ਨਹੀ ਮਾਰੀ ਕਿ ਬੀਜੀ ਚਾਰ ਦਿਨ ਸਾਡੇ ਕੋਲ ਵੀ ਰਹਿ ਜਾਉ। ਬਸ ਆਪਣੇ ਜੁਆਕ ਤੇ ਆਪਣੀਆਂ ਘਰਵਾਲੀਆਂ ਹੀ ਦਿੱਸਦੀਆਂ ਹਨ।ਜਦੋ ਇਹ ਨਹੀ ਪੁਛਦੇ ਤਾਂ ਜਵਾਈ ਨੂੰ ਕੀ ਆਖਾ । ਉਹ ਕਿਹੜਾ ਭਲਾਮਾਨਸ. ਹੈ। ਅੱਗ ਦੀ ਨਾਲ ਹੈ ਪੂਰਾ । ਉਹ ਤਾਂ ਘਰੇ ਮਿਲਣ ਗਿਆਂ ਨੂੰ ਸਿੱਧਾ ਨਹੀ ਬੋਲਦਾ। ਵੱਡੇ ਛੋਟੇ ਦੀ ਭੋਰਾ ਸੰਗ ਨਹੀ ਕਰਦਾ। ਤੇ ਕਲੇਸ ਤੋ ਡਰਦੀ ਕੁੜੀ ਵੀ ਚੁੱਪ ਕਰ ਜਾਂਦੀ ਹੈ। ਪਹਿਲਾ ਪਹਿਲਾਂ ਤਾਂ ਮੈ ਮਹੀਨਾ ਮਹੀਨਾ ਧੀ ਕੋਲੇ ਲਾ ਆਉਂਦੀ ਸੀ। ਪਰ ਕਈ ਸਾਲਾਂ ਦਾ ਹੁਣ ਜਵਾਈ ਵੀ ਤੀਂਗੜਿਆ ਹੈ। ਕੁੜੀ ਨਾਲ ਵੀ ਕਲੇਸ ਕਰਦਾ ਹੈ। ਮੇਰੇ ਜਾਣ ਤੇ ਤਾਂ ਹੋਰ ਝੱਜੂ ਪਾਊ। ਜਦੋ ਢਿੱਡ ਦੇ ਜੰਮੇ ਹੀ ਮੂੰਹ ਫੇਰ ਗਏ ਤਾਂ ਮੈ ਬਿਗਾਨੇ ਪੁੱਤ ਨੂੰ ਕੀ ਦੋਸ. ਦੇਵਾਂ। ਮੈ ਤਾਂ ਦੁਖੀ ਹਾਂ ਹੀ ਧੀ ਨੂੰ ਕਾਹਣੂ ਦੁੱਖੀ ਕਰਨਾ।ਪਰ ਕਹਿੰਦੇ ਇੱਕ ਪਾਸੇ ਤਾਂ ਪਈ ਪਈ ਰੋਟੀ ਵੀ ਸੜ੍ਹ ਜਾਂਦੀ ਹੈ।ਕੋਈ ਜਾਣ ਨੂੰ ਥਾਂ ਹੁੰਦੀ ਤਾਂ ਮੇਰਾ ਵੀ ਪਾਸਾ ਥੱਲਿਆ ਜਾਂਦਾ। ਉਸ ਦਾ ਬੋਲਣਾ ਅਜੇ ਜਾਰੀ ਸੀ ।

ਚਲੋ ਨੀ ਆਪਾਂ ਇੱਕ ਗੇੜਾ ਤਾਂ ਲਾ ਹੀ ਆਈਏ ਇਹ ਗੱਲਾਂ ਤਾਂ ਮੁਕਣੀਆਂ ਨਹੀ ਜਿੰਨੀ ਦੇਰ ਜਿਉਂਦੀਆਂ ਹਾਂ। ਉਹ ਸੁਕੜ ਜਿਹੀ ਜਨਾਨੀ ਬੋਲੀ ਤੇ ਚਾਰੇ ਪੰਜੇ ਉਠ ਕੇ ਪਾਰਕ ਦਾ ਗੇੜਾ ਲਾਉਣ ਚਲੀਆਂ ਗਈਆਂ। ਤੇ ਮੈਨੂੰ ਵੀ ਲੱਗਿਆ ਮੇਰੇ ਕਹਾਣੀ ਆਲੇ ਕੀੜੇ ਨੂੰ ਅੱਜ ਦੀ ਖੁਰਾਕ ਮਿਲ ਗਈ ਹੈ ।



**ਰਮੇਸ਼ ਸੇਠੀ ਬਾਦਲ**
**ਮੋ 98 766 27 233**

# ਸ਼ੋਸ਼ਲ ਮੀਡੀਆਂ ਦੇ ਜਾਲ ਵਿੱਚ ਫਸਦਾ ਜਾ ਰਿਹਾ ਹੈ ਅਜੋਕਾ ਹਰ ਨੌਜਵਾਨ

ਸ਼ੋਸ਼ਲ ਮੀਡੀਆਂ ਤੋਂ ਭਾਵ ਜਿੱਥੇ ਅਸੀਂ ਆਪਣੇ ਵੱਲੋਂ ਕੁੱਝ ਵੀ ਸ਼ੇਅਰ ਕਰਦੇ ਹਾਂ ਅਤੇ ਉਸ ਤੋਂ ਬਾਅਦ ਅਸੀਂ ਲੋਕਾਂ ਦੀਆਂ ਆਪਣੇ ਦੁਆਰਾ ਪਾਈ ਹੋਈ ਪੋਸਟ ਉੱਪਰ ਪ੍ਰਤੀਕਿਰਿਆਵਾਂ ਦੀ ਉਡੀਕ ਕਰਦੇ ਹਾਂ। ਸਰਵਿਆਂ ਦੇ ਮੁਤਾਬਿਕ ਅੱਜ ਦਾ ਨੌਜਵਾਨ ਤਿੰਨ ਤੋਂ ਚਾਰ ਘੰਟੇ ਆਪਣੇ ਦਿਨ ਦੇ ਸ਼ੋਸ਼ਲ ਮੀਡੀਆਂ ਉੱਪਰ ਬਤੀਤ ਕਰਦਾ ਹੈ। ਜਦੋਂ ਇਹ ਸ਼ੋਸ਼ਲ ਮੀਡੀਆਂ ਦੀਆਂ ਨਵੀਆਂ ਆਈਆਂ ਐਪਸ ਨੇ ਭਾਰਤ ਵਿੱਚ ਦਸਤਕ ਦਿੱਤੀ ਤਾਂ ਲੋਕਾਂ ਨੂੰ ਬਹੁਤ ਵਧੀਆ ਲੱਗਿਆ ਕਿ ਇਹ ਇੱਕ ਬਹੁਤ ਹੀ ਫਾਇਦੇਮੰਦ ਪਲੇਟਫਾਰਮ ਹਨ, ਜਿਨ੍ਹਾਂ ਦੀ ਵਰਤੋਂ ਕਰਕੇ ਅਸੀਂ ਆਪਣੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਕਿਸੇ ਦੁਆਰਾ ਸ਼ੇਅਰ ਕੀਤੇ ਵਿਚਾਰ ਉੱਤੇ ਟਿੱਪਣੀ ਵੀ ਕਰ ਸਕਦੇ ਹਾਂ। ਪਰ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਤਾਂ ਇਹਨਾਂ ਐਪਸ ਦੇ ਵਿੱਚ ਨਵੀਆਂ ਵਿਸ਼ੇਸ਼ਤਾਵਾਂ ਜੁੜਦੀਆਂ ਗਈਆਂ, ਜਿਨ੍ਹਾਂ ਦੇ ਨਾਲ ਵੀਡੀਓ ਵਗੈਰਾ ਵੀ ਇਹਨਾਂ ਪਲੇਟਫਾਰਮਾਂ ਦੇ ਉੱਪਰ ਸ਼ੇਅਰ ਕੀਤੀਆਂ ਜਾਣ ਲੱਗੀਆ। ਐਪਸ ਨੇ ਇਹੋ ਜਿਹੀਆਂ ਆਕਰਸ਼ਕ ਵਿਸ਼ੇਸ਼ਤਾਵਾਂ ਇਹਨਾਂ ਦੇ ਅੰਦਰ ਜੋੜੀਆਂ, ਜਿਸ ਦੇ ਨਾਲ ਅਜੋਕੀ ਨੌਜਵਾਨੀ ਇਹਨਾਂ ਦੇ ਜਾਲ ਦੇ ਅੰਦਰ ਬੁਰੀ ਤਰ੍ਹਾਂ ਫਸਦੀ ਗਈ ਅਤੇ ਹੁਣ ਇਹੋ ਜਿਹਾ ਸਮਾਂ ਆ ਚੁੱਕਿਆ ਹੈ ਕਿ ਕਈ ਨੌਜਵਾਨ ਮੁੰਡੇ



ਕੁੜੀਆਂ ਨੂੰ ਇਹਨਾਂ ਦੀ ਆਦਤ ਨਸ਼ੇ ਦੇ ਵਾਂਗ ਲੱਗ ਚੁੱਕੀ ਹੈ। ਜੇਕਰ ਉਹ ਇੱਕ ਦਿਨ ਵੀ ਇਹਨਾਂ ਦੀ ਵਰਤੋਂ ਨਾ ਕਰਨ ਤਾਂ ਉਹਨਾਂ ਨੂੰ ਅਜਿਹਾ ਲੱਗਦਾ ਹੈ ਕਿ ਉਹਨਾਂ ਨੇ ਪਤਾ ਨਹੀਂ ਕੀ ਕੀਮਤੀ ਚੀਜ਼ ਗੁਆ ਦਿੱਤੀ। ਇਸ ਦੀ ਜ਼ਿਆਦਾ ਵਰਤੋਂ ਦੇ ਕਾਰਨ ਨੌਜਵਾਨਾਂ ਦੀ ਸੋਚਣ ਸ਼ਕਤੀ ਦਿਨੋ-ਦਿਨ ਖਤਮ ਹੁੰਦੀ ਜਾ ਰਹੀ ਹੈ ਜਾ ਘੱਟਦੀ ਜਾ ਰਹੀ। ਉਹਨਾਂ ਦੇ ਅੰਦਰ ਫੈਸਲਿਆਂ ਨੂੰ ਲੈਣ ਦੀ ਯੋਗਤਾ ਨਹੀਂ ਰਹੀ। ਜਿਆਦਾ ਸਮਾਂ ਸ਼ੋਸ਼ਲ ਮੀਡੀਆ ਪਲੇਟਫਾਰਮ ਤੇ ਬਿਤਾਉਣ ਦੇ ਨਾਲ ਉਹਨਾਂ ਦੀ ਪੜ੍ਹਾਈ ਦਾ ਨੁਕਸਾਨ, ਨਿਗਾ ਦਾ ਨੁਕਸਾਨ ਅਤੇ ਕਈਆਂ ਦੀਆਂ ਤਾਂ ਧੌਣਾ ਵਿੱਚ ਟੇਡਾਪਣ ਆ ਰਿਹਾ ਹੈ। ਜੇਕਰ ਇਹ ਸਭ ਇਸ ਤਰ੍ਹਾਂ ਦੀ ਚਲਦਾ ਰਿਹਾ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਸਾਡੇ ਦੇਸ਼ ਦੀ ਨੌਜਵਾਨੀ ਦਾ ਦਿਮਾਗ ਖੋਖਲਾ ਹੋ ਚੁੱਕਿਆ ਹੋਵੇਗਾਂ ਅਤੇ ਉਹਨਾਂ ਦੀ ਸਿਹਤ ਨੂੰ ਦੁਬਾਰਾ ਪਹਿਲੀ ਹਾਲਤ ਵਿੱਚ ਲਿਆਉਣਾ ਮੁਸ਼ਕਿਲ ਹੋ ਜਾਵੇਗਾ। ਜੇ ਜਵਾਨੀ ਹੀ ਨਾ ਬਚੀ ਤਾਂ ਸਾਡਾ ਸਮਾਜ ਅਤੇ ਦੇਸ਼ ਕਿੱਥੋਂ ਤਰੱਕੀ ਕਰ ਲਵੇਗਾ। ਸੋ ਸਮੇਂ ਦੀ ਲੋੜ ਹੈ ਕਿ ਨੌਜਵਾਨਾਂ ਨੂੰ ਸ਼ੋਸ਼ਲ ਮੀਡੀਆ ਦੀ ਲੱਗ ਚੁੱਕੀ ਬਿਮਾਰੀ ਤੋਂ ਨਿਜਾਤ ਦਿਵਾਉਣ ਲਈ ਜਾਗਰੂਕ ਕਰਨ ਦੀ। ਸਕੂਲਾਂ-ਕਾਲਜਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਸ਼ੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਬਾਰੇ ਸਮੇਂ ਸਮੇਂ ਤੇ ਜਾਗਰੂਕਤਾ ਕੈਂਪ ਲਾਉਣ ਦੀ ਲੋੜ ਹੈ ਤਾਂ ਜੋ ਨੌਜਵਾਨਾਂ ਨੂੰ ਇਸ ਜਾਲ ਵਿੱਚੋਂ ਕੱਢਿਆ ਜਾ ਸਕੇ।



**ਬਲਜੀਤ ਸਿੰਘ ਕਚੂਰਾ**
**ਮਮਦੋਟ, ਜਿਲ੍ਹਾ ਫਿਰੋਜਪੁਰ।**
**ਮੋ. ਨੋ. 9465405597**


Jai Bhim - Jai Bharat
We are organized
3rd Dr. Ambedkar
International Convention
Paris 2025
On Saturday, 28th June 2025
Timing: 11:00 am to 5:00 pm
At: ZAIQA HALL
13 Av. des Entrepreneurs, 95400 Villiers-le-Bel
With the very successful 1st & 2nd international conventions on Dr Ambedkar , life struggle and mission on the 2014 and 2016, Shri Guru Ravidass Sabha, Paris FRANCE have resolved to organize the 3rd Dr Ambedkar International Convention on Saturday, 28 june 2025 in Paris, France one of the world prestigious centers.
ORGANIZING EFFORTS/SPONSORS:
Shri Guru Ravidass Sabha, Paris
Shri Guru Ravidass Sabha, U.K and Abroad
Dr Ambedkar international Mission
All the Shri Guru Ravidass sabhas in U.K
(Holland, Belgium, Germen, Italy, Spain, Portugal, Austria, Canada, USA and others European)
All the Bhagwan Valmiki sabhas in UK and in European Union
All the Bahujan organization in Europe.
For any formation: -
SHRI GURU RAVIDASS BHAWAN (PARIS)
97 Rue Anatole France 93120 La Courneuve France
E-mail: sgrsp@hotmail.fr 0033148382188
Parmindra Art Press
#76966-67409

# ਵਿਰਸਾ ਫਾਊਂਡੇਸ਼ਨ ਵੱਲੋਂ ਮੀਟ ਅਤੇ ਗਰੀਟ ਪ੍ਰੋਗਰਾਮ 26 ਜੁਲਾਈ

**ਵੈਨਕੂਵਰ ,ਜੂਨ (ਮਲਕੀਤ ਸਿੰਘ )**–ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਰੱਖਣ ਲਈ ਯਤਨਸ਼ੀਲ ਵਿਰਸਾ ਫਾਊਡੇਸ਼ਨ ਵੱਲੋਂ 26 ਜੁਲਾਈ ਨੂੰ 45 82 ਬੈੱਲ ਰੋਡ ਐਬਸਫੋਰਡ ਦੇ ਖੁੱਲੇ ਖੇਤਾਂ ਦੇ ਵਿਹੜੇ ਚ ਦੁਪਹਿਰ 12:30 ਤੋਂ ਸਾਮੀ 6 30 ਵਜੇ ਤੱਕ ਮੀਟ ਅਤੇ ਗ੍ਰੀਟ ਪ੍ਰੋਗਰਾਮ ਅਯੋਜਿਤ ਕੀਤਾ ਜਾ ਰਿਹਾ ਹੈ। ਇਸ ਸਬੰਧੀ ਧਰਮਵੀਰ ਧਾਲੀਵਾਲ ਅਤੇ ਉਹਨਾਂ ਦੀ ਟੀਮ ਦੀਆਂ ਸਾਥਣਾਂ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੌਕੇ ਤੇ ਆਯੋਜਿਤ ਕੀਤੇ ਜਾ ਰਹੇ ਇੱਕ ਸੰਖੇਪ ਸਮਾਗਮ ਦੌਰਾਨ ਡਾ ਰਿਸ਼ੀ ਸਿੰਘ ,ਆਸਮਾ ਕਾਦਰੀ, ਹਰਪ੍ਰੀਤ ਧਾਲੀਵਾਲ ਅਤੇ ਮਨਜੀਤ ਕੌਰ ਗਿੱਲ ਦੀਆਂ ਚਾਰ ਨਵੀਆਂ ਕਿਤਾਬਾਂ ਰਿਲੀਜ਼ ਕੀਤੀਆਂ ਜਾਣਗੀਆਂ।

ਇਸ ਤੋਂ ਇਲਾਵਾ ਪੰਜਾਬੀ ਵਿਰਸੇ ਚ ਅਹਿਮ ਯੋਗਦਾਨ ਪਾਉਣ ਵਾਲੀਆਂ ਕੁਝ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।।

# ਸੰਤ ਸੀਚੇਵਾਲ ਦਾ ਕੈਨੇਡਾ ਪੁੱਜਣ ਤੇ ਸ਼ਾਨਦਾਰ ਸਵਾਗਤ

**ਵੈਨਕੂਵਰ, ਜੂਨ ( ਮਲਕੀਤ ਸਿੰਘ )**–ਰਾਜ ਸਭਾ ਮੈਂਬਰ ਅਤੇ ਉੱਘੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਕੈਨੇਡਾ ਦੇ ਟੋਰਾਂਟੋ ਸ਼ਹਿਰ ਪਹੁੰਚਣ ਤੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੁਖਵਿੰਦਰ ਸਿੰਘ ਬੋਪਾਰਾਏ ਨੇ ਦੱਸਿਆ ਕਿ ਸੰਤ ਸੀਚੇਵਾਲ ਆਪਣੀ ਇਸ ਕੈਨੇਡਾ ਫੇਰੀ ਦੌਰਾਨ 3 ਜੁਲਾਈ ਨੂੰ ਵੈਨਕੂਵਰ ਪਹੁੰਚਣਗੇ ਅਤੇ ਇੱਥੇ 11 ਜੁਲਾਈ ਤੱਕ ਨਿਰਧਾਰਿਤ ਕੀਤੇ



ਪ੍ਰੋਗਰਾਮਾਂ ਵਿੱਚ ਪੜਾਵਾਰ ਸੰਗਤਾਂ ਅਤੇ ਆਪਣੇ ਪ੍ਰੇਮੀਆਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ।

# ਬੀਸੀ ਟਾਈਗਰਜ ਵੱਲੋਂ ਸਲਾਨਾ ਸ਼ੋਕਰ ਟੂਰਨਾਮੈਂਟ 27 ਤੋਂ 29 ਜੂਨ ਤੀਕ ਹੋਵੇਗਾ

### ਮੈਨੀਟੋਬਾ, ਅਲਬਰਟਾ, ਉਨਟਾਰੀਉ ਅਤੇ ਕੈਲੀਫੋਰਨੀਆ ਤੋਂ 210 ਦੇ ਕਰੀਬ ਟੀਮਾਂ ਕਰਨਗੀਆਂ ਸ਼ਿਰਕਤ

**ਵੈਨਕੂਵਰ, ਜੂਨ ( ਮਲਕੀਤ ਸਿੰਘ)**– ਬੀਸੀ ਟਾਈਗਰਜ ਵੱਲੋਂ ਹਰ ਸਾਲ ਦੀ ਤਰ੍ਹਾਂ 13ਵਾਂ ਮੀਰੀ ਪੀਰੀ ਸ਼ੋਕਰ ਟੂਰਨਾਮੈਂਟ ਇਸ ਵਾਰ 27 28 ਅਤੇ 29 ਜੂਨ ਨੂੰ ਸਰੀ ਦੀ 128 ਸਟਰੀਟ ਤੇ ਸਥਿਤ ਐਥੇਲੈਟਿਕਸ ਪਾਰਕ ਚ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅਜਿੰਦਰਪਾਲ ਸਿੰਘ ਨੀਟੂ ਨੇ ਦੱਸਿਆ ਕਿ ਇਸ ਸਲਾਨਾ ਟੂਰਨਾਮੈਂਟ ਚ ਭਾਗ ਲੈਣ ਵਾਲੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਇਸ ਪ੍ਰਤੀ ਭਰਵਾਂ ਉਤਸ਼ਾਹ ਵੇਖਿਆ ਜਾ ਰਿਹਾ ਅਤੇ ਇਸ ਸਬੰਧੀ ਵੱਡੀ ਪੱਧਰ ਤੇ ਕੀਤੇ ਜਾ ਰਹੇ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ।

TIGERS FC

ਇਸ ਟੂਰਨਾਮੈਂਟ ਦਾ ਉਦਘਾਟਨ 27 ਜੁਲਾਈ ਨੂੰ ਸ਼ਾਮੀ 5 ਵਜੇ ਧੂਮ ਧਾਮ ਨਾਲ ਕੀਤਾ ਜਾਵੇਗਾ ਅਤੇ ਫਾਈਨਲ ਮੁਕਾਬਲੇ 29 ਜੂਨ ਨੂੰ ਹੋਣਗੇ ਅਤੇ 29 ਜੂਨ ਨੂੰ ਸ਼ਾਮ 6 30 ਵਜੇ ਆਯੋਜਿਤ ਕੀਤੇ ਜਾਣ ਵਾਲੇ ਇਨਾਮ ਵੰਡ ਸਮਾਰੋਹ ਦੌਰਾਨ ਰੰਗਾ ਰੰਗ ਪ੍ਰੋਗਰਾਮ ਚ ਭੰਗੜਾ ਵੀ ਪੇਸ਼ ਕੀਤਾ ਜਾਵੇਗਾ।

# ਸ਼ੁਭ ਸਵੇਰ ਦੋਸਤੋ,

## ਮੇਰੇ ਸਾਂਵਲੇ ਜੇ ਰੰਗ ਨੂੰ ਘੱਟ ਨਾ ਸਮਝ ਲਵੀਂ, ਤੂੰ ਦੁੱਧ ਨਾਲੋਂ ਜ਼ਿਆਦਾ ਚਾਹ ਦੀ ਦੀਵਾਨੀ ਐਂ!




"ਸਾਂਵਲੇ ਰੰਗ ਦੀ ਪਰਿਭਾਸ਼ਾ..."

ਸਾਂਵਲੇ ਜੇ ਰੰਗ ਨੂੰ ਕਈ ਵਾਰ ਲੋੜ ਤੋਂ ਵੱਧ ਕੇ 'ਤੇ ਹਾਸਿਆਂ ਦਾ ਪਾਤਰ ਬਣਾਇਆ ਜਾਂਦਾ ਹੈ। ਪਰ ਅੰਦਰੂਨੀ ਇਮਾਨਦਾਰੀ ਨਾਲ ਸੋਚਿਆ ਪਤਾ ਲੱਗਦਾ ਹੈ ਕਿ ਇਹ ਰੰਗ ਕਿਸੇ ਦੀ ਕਮੀ ਨਹੀਂ, ਸਗੋਂ ਉਸ ਦੀ ਵਿਰਾਸਤ ਹੁੰਦਾ ਹੈ।

ਮੇਰੇ ਰੰਗ ਨੂੰ ਸਭ ਤੋਂ ਪਹਿਲਾਂ ਮੇਰੇ ਆਪਣਿਆਂ ਨੇ ਮੇਰੀ ਪਹਚਾਣ ਬਣਾਉਣ ਦੀ ਕੋਸ਼ਿਸ਼ ਕੀਤੀ। ਕਦੇ ਮੇਰੇ ਲਈ ਰਿਸ਼ਤੇ ਪਿੱਛੇ ਹਟੇ, ਕਦੇ ਮੈਂ ਹਾਸਿਆਂ ਰਾਹੀਂ ਮਜ਼ਾਕ ਦਾ ਪਾਤਰ ਬਣਿਆ। ਆਖਰ ਮੈਂ ਆਪਣੇ ਰੰਗ ਵਿੱਚੋਂ ਖੂਬਸੂਰਤੀ ਲੱਭ ਲਈ, ਜਦੋਂ ਉਸ ਨੇ ਆਖਿਆ ਸੀ "ਕਮਲਿਆ! ਮੈਂ ਦੁੱਧ ਨਾਲੋਂ ਜ਼ਿਆਦਾ ਚਾਹ ਦੀ ਦੀਵਾਨੀ ਆ..!"

ਬਚਪਨ ਵਿੱਚ ਜਦੋਂ ਕਦੇ ਮੈਂ ਨਵੀਂ ਜਗ੍ਹਾ ਗਿਆ, ਲੋਕਾਂ ਦੀ ਨਜ਼ਰ ਪਹਿਲਾਂ ਮੇਰੇ ਰੰਗ ਤੇ ਗਈ। ਮੈਂ ਸਾਂਵਲਾ ਸੀ, ਮੈਂ ਗੰਭੀਰ ਸੀ ਤੇ ਸ਼ਾਇਦ ਓਹਨਾਂ ਦੇ ਮਾਪਦੰਡਾਂ 'ਚ "ਸੋਹਣਾ" ਨਹੀਂ ਸੀ।

ਪਰ ਮੈਂ ਆਪਣੇ ਆਪ ਨੂੰ ਕਦੇ ਨਹੀਂ ਪੁੱਛਿਆ ਕਿ "ਸੋਹਣਾ ਹਾਂ ਜਾਂ ਨਹੀਂ?" ਮੈਂ ਹਮੇਸ਼ਾ ਇਹ ਪੁੱਛਿਆ "ਸੱਚਾ ਹਾਂ ਜਾਂ ਨਹੀਂ?"

ਕਿਉਂਕਿ ਸੁਹੱਪਣ ਚਿਹਰੇ ਤੋਂ ਨਹੀਂ, ਕਿਰਦਾਰ ਚੋਂ ਨਿਕਲਦਾ ਏ,
ਜਿਹੜਾ ਰੰਗਾਂ ਨਾਲ ਨਹੀਂ, ਕੁਦਰਤ ਦੇ ਰੰਗ ਨਾਲ ਜਿਉਂਦਾ ਏ।
ਜਦੋਂ ਲੋਕ ਮੇਰੇ ਕੀਤੇ ਦੀ ਤਰੀਫ਼ ਕਰਦੇ,
ਉਹ ਮੇਰੇ ਸਾਂਵਲੇ ਰੰਗ ਨੂੰ ਭੁੱਲ ਜਾਂਦੇ।
ਜਦੋਂ ਮੇਰੀ ਸੋਚ ਉਨ੍ਹਾਂ ਦੇ ਦਿਲ ਛੂਹ ਲੈਂਦੀ,
ਦੁਨਿਆਵੀ "ਸੋਹਣਾਪਨ" ਪਿੱਛੇ ਰਹਿ ਜਾਂਦਾ।
ਹੁਣ ਵੀ ਜਦ ਕੋਈ ਆਖਦਾ "ਸੋਹਣਾ ਜਾ",
ਮੈਂ ਹੌਲੀ ਹੱਸ ਕੇ ਆਖਦਾ ਹਾਂ...
"ਸੋਹਣਾ ਤਾਂ ਓਹ ਹੁੰਦਾ ਜਿਹੜਾ ਆਪਣਾ ਆਪ ਨਹੀਂ ਲੁਕਾਉਂਦਾ।
ਮੇਰਾ ਤਾਂ ਸਾਂਵਲਾ ਰੰਗ ਮੇਰਾ ਅਸਲੀ ਚਿਹਰਾ ਏ।"
ਸਾਂਵਲੇ ਰੰਗ ਦੀ ਪਰਿਭਾਸ਼ਾ ਕੋਈ ਇੱਕ ਲਫ਼ਜ਼ ਨਹੀਂ...
ਇਹ ਨਾ ਹੀ "ਘੱਟ" ਹੈ, ਨਾ ਹੀ "ਕਮਜ਼ੋਰ" ਹੈ,
ਇਹ ਰੰਗ ਮਿੱਟੀ ਵਰਗਾ ਸ਼ਕਤੀਸ਼ਾਲੀ ਹੈ,
ਸਮਾਜ ਨੇ ਸਾਂਵਲੇ ਨੂੰ ਹਮੇਸ਼ਾ ਮਜ਼ਾਕ ਦੇ ਪੈਮਾਨੇ 'ਤੇ ਤੋਲਿਆ,
ਸਾਂਵਲਾ ਰੰਗ ਉਨ੍ਹਾਂ ਅੱਖਰਾਂ ਵਰਗਾ ਹੈ,
ਜਿਹੜੇ ਕਾਗਜ਼ ਦੀ ਹਿੱਕ 'ਤੇ ਨਹੀਂ,
ਸਗੋਂ ਮਨ ਦੀ ਰੋਸ਼ਨੀ 'ਚ ਚਮਕਦੇ ਨੇ।
ਇਹ ਰੰਗ ਓਹ ਸੂਰਜੀ ਲਹੂ ਹੈ,
ਜੋ ਦਿਨ ਦੇ ਅੰਤ 'ਚ ਅਸਮਾਨ ਨੂੰ ਲਾਲ ਕਰ ਜਾਂਦਾ ਹੈ, ਤੇ
ਦੁਨੀਆਂ ਆਖਦੀ ਹੈ "ਵਾਹ, ਕਿੰਨਾ ਸੋਹਣਾ ਸ਼ਾਮ ਦਾ ਰੰਗ ਏ!"
ਸਾਂਵਲਾ ਰੰਗ ਸਿਰਫ਼ ਰੰਗ ਨਹੀਂ,
ਇਹ ਇੱਕ ਜ਼ੁਬਾਨ ਹੈ...
ਜੋ ਕਹਿੰਦੀ ਏ: "ਮੈਂ ਬਹੁਤ ਸੋਹਣਾ ਹਾਂ,
ਪਰ ਆਪਣੀ ਪਰਿਭਾਸ਼ਾ ਵਿੱਚ।"
ਸਾਂਵਲੀ ਰੰਗਤ ਨਾ ਮਾਪੀ ਜਾਵੇ ਰੰਗਾਂ ਨਾਲ,
ਇਹ ਤਾਂ ਰੂਹ ਦੀ ਗਹਿਰਾਈ ਦੱਸਦੀ ਏ।
ਜਿਸ ਨੂੰ ਦੁਨੀਆਂ ਰੰਗ ਸਮਝੀ ਬੈਠੀ ਏਂ,
ਓਹ ਤਾਂ ਮੇਰੀ ਕਲਮ ਦੀ ਸ਼ਰਮਲੀ ਸ਼ਾਇਰੀ ਏ।

**ਹਰਫੂਲ ਸਿੰਘ ਭੁੱਲਰ ਮੰਡੀ ਕਲਾਂ 9876870157**



# ਨੌਕਰੀ ਦੀ ਤਲਾਸ਼ - ਨੌਜਵਾਨਾਂ ਦੀ ਜ਼ਿੰਦਗੀ ਦੀ ਕਸ਼ਮਕਸ਼

ਅੱਜ ਦਾ ਨੌਜਵਾਨ ਇੱਕ ਸੁਪਨੇ ਵਾਲੀ ਅੱਖ ਲੈ ਕੇ ਜਨਮ ਲੈਂਦਾ ਹੈ। ਉਹ ਚਾਹੁੰਦਾ ਹੈ ਕਿ ਉਹ ਸਿੱਖੇ, ਬਣੇ, ਆਪਣੇ ਪਰਿਵਾਰ ਨੂੰ ਮਾਣ ਦਿਵਾਏ ਅਤੇ ਆਪਣੀ ਸ਼ਿਨਾਖਤ ਬਣਾਵੇ। ਪਰ ਜਿਵੇਂ ਹੀ ਉਹ ਪੜ੍ਹਾਈ ਮੁਕੰਮਲ ਕਰਦਾ ਹੈ, ਉਸ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਆ ਜਾਂਦਾ ਹੈ - "ਹੁਣ ਨੌਕਰੀ ਕਿੱਥੋਂ ਮਿਲੇਗੀ?"

ਇਹ ਸਵਾਲ ਨਾ ਸਿਰਫ਼ ਇੱਕ ਨੌਜਵਾਨ ਦੀ ਉਮਰ ਨੂੰ ਰੋਕ ਦਿੰਦਾ ਹੈ, ਸਗੋਂ ਉਸਦੇ ਹੌਂਸਲੇ, ਖੁਸ਼ੀਆਂ ਅਤੇ ਸਬਰ ਨੂੰ ਵੀ ਆਜ਼ਮਾਉਂਦਾ ਹੈ। ਸਰਕਾਰੀ ਨੌਕਰੀਆਂ ਦੀ ਗਿਣਤੀ ਘੱਟ, ਮੁਕਾਬਲਾ ਤੇਜ਼, ਪ੍ਰਾਈਵੇਟ ਨੌਕਰੀਆਂ ਵਿੱਚ ਤਨਖਾਹ ਘੱਟ ਤੇ ਦਬਾਅ ਵੱਧ - ਇਹ ਸਭ ਕੁਝ ਨੌਜਵਾਨ ਨੂੰ ਥਕਾ ਦਿੰਦੇ ਹਨ।ਬੇਰੁਜ਼ਗਾਰੀ ਨਾ ਸਿਰਫ਼ ਆਰਥਿਕ ਸਮੱਸਿਆ ਹੈ, ਇਹ ਇੱਕ ਮਨੋਵੈਗਿਆਨਿਕ ਅਤੇ ਸਮਾਜਿਕ ਦਬਾਅ ਵੀ ਹੈ। ਨੌਜਵਾਨ ਆਪਣੇ ਘਰ ਦੀ ਉਮੀਦ ਹੁੰਦੇ ਹਨ, ਪਰ ਜਦ ਉਹ ਘਰ ਵਿੱਚ ਖ਼ਾਲੀ ਹੱਥ ਲੌਟਦੇ ਹਨ, ਤਾਂ ਇਹ ਉਮੀਦ ਉਲਟਾ ਇੱਕ ਦਬਾਅ ਵਿੱਚ ਬਦਲ ਜਾਂਦੀ ਹੈ। ਕਈ ਵਾਰੀ ਇਹ ਦਬਾਅ ਉਨ੍ਹਾਂ ਨੂੰ ਨਸ਼ਿਆਂ, ਅਪਰਾਧ ਜਾਂ ਡਿੱਪਰੈਸ਼ਨ ਵੱਲ ਧੱਕ ਦਿੰਦਾ ਹੈ।



ਇਸ ਸਮੱਸਿਆ ਦਾ ਹੱਲ ਸਿਰਫ਼ ਸਰਕਾਰਾਂ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਵੀ ਹੈ। ਸਿੱਖਿਆ ਪ੍ਰਣਾਲੀ ਨੂੰ ਰੋਜ਼ਗਾਰ ਉਪਯੋਗੀ ਬਣਾਉਣਾ, ਨਵੇਂ ਉਦਯੋਗ ਖੋਲ੍ਹਣੇ, ਨੌਜਵਾਨਾਂ ਨੂੰ ਹੁਨਰ ਸਿਖਾਉਣੀ ਤਾਲੀਮੀ ਦੇਣੀ - ਇਹ ਹਰੇਕ ਪੱਖੋਂ ਲੋੜ ਹੈ। ਨੌਜਵਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਸਿਰਫ਼ ਨੌਕਰੀ ਦੀ ਉਡੀਕ ਨਾ ਕਰਦੇ ਰਹਿਣ, ਸਗੋਂ ਆਤਮਨਿਰਭਰਤਾ ਵੱਲ ਕਦਮ ਵਧਾਉਣ।ਅੰਤ ਵਿੱਚ, ਨੌਕਰੀ ਸਿਰਫ਼ ਰੋਜ਼ੀ-ਰੋਟੀ ਨਹੀਂ, ਸਗੋਂ ਇਨਸਾਨ ਦੀ ਪਹਿਚਾਣ, ਆਤਮਗੌਰਵ ਅਤੇ ਆਤਮਵਿਸ਼ਵਾਸ ਦੀ ਬੁਨਿਆਦ ਹੁੰਦੀ ਹੈ। ਆਓ, ਇੱਕ ਐਸਾ ਭਵਿੱਖ ਬਣਾਈਏ ਜਿੱਥੇ ਨੌਜਵਾਨ ਨੌਕਰੀ ਦੀ ਤਲਾਸ਼ 'ਚ ਨਾ ਭਟਕਣ, ਸਗੋਂ ਆਪਣੀ ਮਿਹਨਤ ਰਾਹੀਂ ਰਸਤਾ ਬਣਾਉਣ।



**ਮੰਜੂ ਰਾਇਕਾ**

# ਪੁਰਾਣੇ ਪੰਜਾਬ ਦਾ ਦਰਦ

ਪੰਜਾਬ ਦੇ ਨੌਜਵਾਨੋ ਜ਼ਰਾ ਨਜ਼ਰ ਮਾਰਿਓ ਬਾਬਾ ਨਾਨਕ,ਬਾਬਾ ਫਰੀਦ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਵਾਰਸ ਸ਼ਾਹ ਵਰਗੇ ਮਹਾਂਪੁਰਸ਼ ਭਲਾ ਕਿਹੜੇ ਇਲ-ਾਕੇ ਦੇ ਨੇ,ਕਿੱਥੋਂ ਦੇ ਨੇ? ਕਿਹਨਾਂ ਦੇ ਹਨ ? ਇਹਨਾਂ ਦੇ ਸ਼ਬਦ, ਇਹਨਾਂ ਦੇ ਅਖਾਣ, ਇਹਨਾਂ ਦੇ ਮਾਹਵਰੇ,ਇਹਨਾਂ ਦੀ ਬਾਣੀ,ਇਹਨਾਂ ਦੇ ਸਲੋਕ,ਇਹਨਾਂ ਦੀਆਂ ਰਚਨਾਵਾਂ ਕਿਹੜੀ ਬੋਲੀ ਵਿੱਚ ਹਨ ?

47 ਵਿੱਚ ਆਮ ਪੰਜਾਬੀਆਂ ਦੀਆਂ ਸਮਾਜਿਕ ਧਾਰਮਿਕ,ਸੱਭਿਆਚਾਰਕ ਭਾਵਨਾਵਾਂ ਨੂੰ ਦਰੜ ਕੇ ਮਨੂੰਵਾਦੀ ਲੀਡਰਾਂ ਨੇ ਅੰਗਰੇਜ਼ਾਂ ਨਾਲ਼ ਸਾਂਝ ਭਿਆਲੀ ਕਰਕੇ,ਧਾਰਮਿਕ ਦੰਗੇ ਭੜਕਾ ਕੇ ਭਾਰਤ ਦੇ ਪੰਜ ਦਰਿਆਵਾਂ ਵਾਲ਼ੇ ਪੰਜਾਬੀ ਹਿੱਸੇ ਨੂੰ ਬੁਰੀ ਤਰ੍ਹਾਂ ਵਿਚਾਲਿਓਂ ਵੱਢ ਸੁੱਟਿਆ। ਲੱਖਾਂ ਪੰਜਾਬਣਾਂ ਅਤੇ ਪੰਜਾਬੀਆਂ ਦੇ ਸੁਪਨੇ ਤਬਾਹ ਕਰ ਦਿੱਤੇ ਗਏ। ਸਾਂਝੇ ਪੰਜ ਦਰਿਆ ਵੰਡ ਦਿੱਤੇ ਗਏ। ਲੱਖਾਂ ਪੰਜਾਬੀਆਂ ਨੂੰ ਘਰੋਂ ਬੇਘਰ ਕਰ ਦਿੱਤਾ ਗਿਆ। ਲੱਖਾਂ ਪੰਜਾਬੀ ਔਰਤਾਂ ਦੀ ਇੱਜਤ ਨੀਲਾਮ ਹੋਈ, ਅਣਗਿਣਤ ਲੋਕ ਧਰਮ ਦਾ ਰੌਲਾ ਪਵਾ ਕੇ ਮਰਵਾ ਦਿੱਤੇ ਗਏ। ਪੰਜਾਬ ਦੀ ਮਾੜੀ ਕਿਸਮਤ ਕਿ ਓਸ ਵੇਲ਼ੇ ਦੇ ਦਲਾਲ ਪੰਜਾਬੀ ਸਿੱਖ ਲੀਡਰ




ਪੰਡਤ ਨਹਿਰੂ ਵਰਗਿਆਂ ਤੋਂ ਪੁੱਛ ਕੇ ਫੈਸਲੇ ਲੈਣ ਲੱਗੇ ਪਰ ਪੰਜਾਬ ਦੀ ਇਤਿਹਾਸਕ ਚੜ੍ਹਤ ਨੂੰ ਬਚਾਉਣ ਵੱਲ ਨਾ ਹੋਏ। ਜਿਸ ਦਾ ਹਰਜਾਨਾ ਸਾਰੇ ਪੰਜਾਬੀਆਂ ਨੂੰ ਭਰਨਾ ਪੈ ਰਿਹਾ ਹੈ। ਆਪਣੇ ਵਡੇਰਿਆਂ ਨਾਲ਼ 47 ਦੀ ਗੱਲ ਕਰ ਕੇ ਵੇਖਣਾ ਕਿਵੇਂ ਉਹ ਧਾਹਾਂ ਮਾਰ ਉੱਠਦੇ ਨੇ । ਉਹ ਵਿਛੋੜਿਆਂ ਦੇ ਮਾਰੇ ਸਾਡੇ ਬਾਬੇ ਭਾਰਤ ਪਾਕ ਦੀ ਅਜਾਦੀ ਦੇ ਦਿਨ ਨੂੰ ਹੱਲਿਆਂ ਵੇਲਾ ਕਹਿੰਦੇ ਨੇ। ਅਜਾਦੀ ਦੀ ਦੁਰਵਰਤੋਂ ਤਾਂ ਮਨੂੰਵਾਦੀ ਫਿਰਕੇ ਦੇ ਜਾਤੀਵਾਦੀ ਲੀਡਰ ਲੋਕ ਕਰ ਰਹੇ ਨੇ। ਨਵੇਂ ਪੰਜਾਬ ਦਾ ਭੂਗੋਲਿਕ ਏਰੀਆ ਵੇਖ ਕੇ ਸੂਝਵਾਨ ਲੋਕ ਆਪਣੀ ਕਿਸਮਤ ਨੂੰ ਝੂਰਦੇ ਹਨ ਕਿ ਦੇਸ ਲਈ ਵੱਡੀਆਂ ਕੁਰਬਾਨੀਆਂ ਅਤੇ ਉਸਾਰੀਆਂ ਕਰਨ ਬਦਲੇ ਪੰਜਾਬੀਆਂ ਨੂੰ ਚਿੜੀ ਦੇ ਪਹੁੰਚੇ ਜਿੱਡਾ ਨਿੱਕਾ ਜਿਹਾ ਪੰਜਾਬ ਦੇ ਦਿੱਤਾ ਗਿਆ।

ਉੱਥੋਂ ਦਾ ਬਾਰ ਇਲਾਕਾ, ਝੰਗ, ਸਿਆਲ,ਨਨਕਾਣਾ ਸਾਹਿਬ, ਹੜੱਪਾ ਸ਼ਹਿਰ, ਲਾਹੌਰ ਸ਼ਹਿਰ ਛੱਡ ਕੇ ਚੜ੍ਹਦੇ ਪੰਜਾਬ ਅਤੇ ਲਹਿੰਦੇ ਪੰਜਾਬ ਵਿਚਕਾਰ ਲਾਸ਼ਾਂ ਉੱਤੇ ਬਾਰਡਰ ਉਸਰਦਾ ਦੇਖਦੇ ਆਏ ਬਜੁਰਗਾਂ ਨੂੰ ਹਾਲ ਪੁੱਛਿਓ ਬਈ ਕਿਵੇਂ ਉਹ ਆਪਣੀ ਜੰਮਣ ਭੋਇੰ ਨੂੰ ਧਾਹਾਂ ਮਾਰ ਕੇ ਰੋਂਦੇ ਕੁਰਲਾਉਂਦੇ ਹੋਏ ਛੱਡ ਆਏ। ਹੁਣ ਜਦੋਂ ਕਦੇ ਆਪਣੇ ਚੜ੍ਹਦੇ ਪੰਜਾਬ ਦੇ ਬਜੁਰਗਾਂ ਦੀ ਓਧਰ ਲਹਿੰਦੇ ਪੰਜਾਬ ਦੇ ਹਾਣੀਆਂ ਨਾਲ ਫੋਨ 'ਤੇ ਗੱਲਬਾਤ ਹੁੰਦੀ ਆ ਤਾਂ ਉਹਨਾਂ ਦੇ ਦਿਲ ਦਾ ਦਰਦ ਅੱਖਾਂ ਦੇ ਕੋਇਆਂ ਵਿੱਚੋਂ ਡੁੱਲਦਾ ਦੇਖਦੇ ਹਾਂ। ਹੁਣ ਨਵੀਂ ਪਨੀਰੀ ਨੂੰ ਕੀ ਪਤਾ ਅਸਲ ਪੰਜਾਬੀਆਂ ਦੇ ਦਰਦਾਂ ਦੀ ਕੀ ਦਵਾ ਹੈ। ਫੋਨਾਂ ਦੀਆਂ ਰੀਲਾਂ 'ਚ ਮਸਤ, ਫੁਕਰੇ ਸਿੰਗਰਾਂ ਦੀਆਂ ਜੱਭਲੀਆਂ ਸੁਣ ਕੇ ਸਾਹਿਤ,ਇਤਿਹਾਸ ਤੋਂ ਕੋਰੇ ਨੌਜਵਾਨ ਅਸਲ ਸੱਚਾਈ ਤੋਂ ਕੋਹਾਂ ਦੂਰ ਜਾ ਰਹੇ ਨੇ।

47 ਤੋਂ ਪਹਿਲਾਂ ਪੰਜਾਬ ਦੇ ਵੱਡੇ ਭੂਗੋਲਿਕ ਖਿੱਤੇ ਦਾ ਨਾਮ ਦੇਸ ਪੰਜਾਬ ਸੀ । ਬੋਲੀ ਸੀ," ਜਿਵੇਂ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ ਓਵੇਂ ਦੇਸਾਂ ਵਿੱਚੋਂ ਦੇਸ ਪੰਜਾਬ ਨੀ ਸਈਓ॥"

ਅੰਮ੍ਰਿਤਾ ਪ੍ਰੀਤਮ ਨੇ ਕਿਹਾ,"

ਅੱਜ ਆਖਾਂ ਵਾਰਸ ਸ਼ਾਹ ਨੂੰ ਤੇ ਕਬਰਾਂ ਵਿੱਚੋਂ ਬੋਲ ਤੇ ਅੱਜ ਕਿਤਾ-ਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ਼।"

ਪ੍ਰੋ: ਮੋਹਨ ਸਿੰਘ ਨੇ ਕਿਹਾ," ਐ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ।"

ਕਿਤੇ ਲਹਿੰਦੇ ਪੰਜਾਬ ਦੇ "ਆਮੀਨ ਮਲਕ" ਦੀਆਂ ਕਹਾਣੀਆਂ ਪੜ੍ਹ ਲੈਣਾ ਜਾਂ ਚੜ੍ਹਦੇ ਪੰਜਾਬ ਦੇ "ਸਾਂਵਲ ਧਾਮੀ" ਨੂੰ ਪੜ੍ਹ ਲੈਣਾ।

ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਅਤੇ ਸਿੱਖਾਂ ਦੀ ਲੜਾਈ ਵਿੱਚ ਡੋਗਰਿਆਂ ਦੀ ਗੱਦਾਰੀ ਕਾਰਨ ਸਿੱਖਾਂ ਦੀ ਹੋਈ ਹਾਰ ਤੋਂ ਬਾਅਦ ਜੋ ਦਰਦ ਭਰੇ ਕੀਰਨੇ ਪਾਏ ਅਗਰ ਸ਼ਾਹ ਮੁਹੰਮਦ 47 ਦੀ ਅਣਚਾਹੀ, ਵਿਛੋੜਿਆਂ ਮਾਰੀ ਵਤਨ ਦੀ ਵੰਡ ਨੂੰ ਵੇਖਦਾ ਤਾਂ ਵੀ ਦੁਬਾਰਾ ਇਸ ਤਰ੍ਹਾਂ ਹੀ ਦਰਦ ਲਿਖਦਾ," ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਜੀ, ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਜੀ।"



**ਰਣਜੀਤ ਸਿੰਘ ਹਠੂਰ**
9915513137

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com